SAINI BHAWAN RUPNAGAR
PUNJAB
ਸਰਬਤ ਦਾ ਭਲਾ
Estb. 1971

Happy New Year 2021

ਸਮਾਜਿਕ ਚੇਤਨਤਾ ਦਾ ਪ੍ਰਤੀਕ ਤਿਮਾਹੀ ਮੈਗਜ਼ੀਨ

39
Jan.- March 2021

# ਸੈਣੀ ਸੰਸਾਰ
# Saini Sansar

## BIG SALUTE TO STRUGGLING FARMERS






## ਅੰਦਰ ਪੜ੍ਹੋ

- ਸੈਣੀ ਸਖ਼ਸ਼ੀਅਤਾਂ
- ਰੌਚਿਕ ਸਾਹਿਤਕ ਰਚਨਾਵਾਂ
- ਗਿਆਨ ਵਿਗਿਆਨ
- ਸੈਣੀ ਭਵਨ ਦੀਆਂ ਸਰਗਰਮੀਆਂ
- ਕਿਸਾਨ ਅੰਦੋਲਨ
- ਮੈਟਰੀਮੋਨੀਅਲਜ਼

PUBLISHERS

KAKA RAM SAINI CHARITABLE TRUST (REGD.)
SAINI BHAWAN, ROPAR (RUPNAGAR) (Pb.) INDIA 140001

ਮੁੱਲ : 30 ਰੁਪਏ

Volume - XI, Issue - I

# Saini Sansar

(Quarterly)

January - March 2021

PUBLISHER, PRINTER & OWNER
**Kaka Ram Saini Charitable Trust (Regd.)**
Saini Bhawan,
Roopnagar-140001 (Pb.)

PRINTING PRESS
**Tej Printing Press**
Phool Chakkar Bazar,
Roopnagar -140001 (Pb.)

PLACE OF PUBLICATION
**Saini Bhawan**
Roopnagar -140001 (Pb.)

CHIEF EDITOR (HONORARY)
**Dr. Ajmer Singh Tamber**
# B-12/5057, Guru Nagar,
Chandigarh Road, Roopnagar-140001 (Pb.)

CERTIFICATES :

- All Members of "Saini Sansar" magazine are honorary.
- The views expressed by the writers in their articles published in the magazine are their own. They are themselves responsible for their authenticity.
- Publication of "Saini Sansar" is non-commercial.
- Saini Sansar magazine has no political motive.

**FOUNDER**
**Late Sh. L.R. Mundra**
Asstt. Police Commissioner
(Delhi) (Retd.)

**CHIEF EDITOR**
**Dr. Ajmer Singh Tamber**
Dy. Director (Edu.) Pb. (Retd.)
Ph. : 94176-02835

**MANAGER (Accounts)**
**S. Rajinder Singh**
Supdtt. Secretriate
(Retd.)
Ph. : 94646-49922

**MANAGER (Circulation)**
**S. Jagdev Singh**
J.E. PSPCL (Retd.)
Ph. : 98883-96364

**EDITORIAL BOARD**

**Dr. Jaswant Kaur Saini**
Associate Professor (Retd.)
Ph. : 94178-02835

**S. Balbir Singh Saini**
Editor Magzine "Sool Surahi"
Ph. : 94646-47540

**Sh. Rajinder Saini**
Asstt. Public Relations Officer (Retd.)
Ph. : 98722-20400

**S. Surinder Singh**
Inspector Health Deptt. (Rtd.)
Ph. : 99880-06822

**Assistant Manager (Circulation)**
**S. Daljit Singh**
Desk Controller, PSPCL (Retd.)
Ph. : 99148-30323

**ADVISORS :**

**India** : **S. Bahadurjeet Singh** President Rupnagar Press Club.
**Sh. Narinder 'Nindi'** Director Pb. Arts International Chd.

**Australia** : **Harjit Singh Saini (Lasara)**
#41, Morris Crescent, Bellbird Park, 4300 Lpswic QLD-Australia

**U.S.A.** : **Dr. Manavpreet Kaur** Professor (English)
# 10936, Brighton Lane, Frisco, Tx-75033 (USA)

**U.K.** : **Sh. Tarsem Singh Saini**
# 14, Forest Road, Cambridge-CB1 9JB (U.K.)

**Canada** : **Dr. D.P. Singh**
# 2516, Pollard, Drive Mississauga, Ontario, Canada-LSC3HI

| **Subscription / Assistance Money** | **India** | **Abroad** | **ਚੰਦਾ/ਸਹਾਇਤਾ ਰਾਸ਼ੀ** | **ਭਾਰਤ** | **ਵਿਦੇਸ਼** |
|---|---|---|---|---|---|
| One Copy | ₹ 30 | 2 £, 4 $, 4 € | ਇੱਕ ਕਾਪੀ | 30 ਰੁਪਏ | 2 ਪੌਂਡ, 4 ਡਾਲਰ, 4 ਯੂਰੋ |
| Annual (Four Copies) | ₹ 100 | 8 £, 15 $, 15 € | ਸਾਲਾਨਾ (ਚਾਰ ਕਾਪੀਆਂ) | 100 ਰੁਪਏ | 8 ਪੌਂਡ, 15 ਡਾਲਰ, 15 ਯੂਰੋ |
| For Five Years | ₹ 500 | 40 £, 75 $, 75 € | ਪੰਜ ਸਾਲ (20 ਕਾਪੀਆਂ) | 500 ਰੁਪਏ | 40 ਪੌਂਡ, 75 ਡਾਲਰ, 75 ਯੂਰੋ |

ਨੋਟ : ਆਪ ਦਾ ਚੰਦਾ ________ ਅੰਕ ਤੱਕ ਹੈ। ਮੈਗਜ਼ੀਨ ਜਾਰੀ ਰੱਖਣ ਲਈ ਹੋਰ ਰਾਸ਼ੀ ਜਮ੍ਹਾਂ ਕਰਵਾਉਣ ਦੀ ਖੇਚਲ ਕੀਤੀ ਜਾਵੇ।

Address for Correspondence and sending assistance money :
**President, Kaka Ram Saini Charitable Trust (Regd.)**
**Saini Bhavan, Roopnagar-140001, Punjab - India**
**Ph. : 01881-220078, 220181**
**Our Bank : Indian Bank, Ropar. IFSC Code : IDIB000R027 Account No. : 833562779**
**E-mail : sainibhawanrpr@gmail.com**
**Website : www.sainibhawan.org**

**Date of Publication : 03.01.2021**

# ਸੈਣੀ ਸੰਸਾਰ
(ਤਿਮਾਹੀ)

ਜਿਲਦ 11, ਅੰਕ 1 ਜਨਵਰੀ - ਮਾਰਚ 2021

ਪ੍ਰਕਾਸ਼ਕ, ਪ੍ਰਿੰਟਰ ਅਤੇ ਮਾਲਕ
ਕਾਕਾ ਰਾਮ ਸੈਣੀ ਚੈਰੀਟੇਬਲ ਟਰੱਸਟ (ਰਜਿ.)
ਸੈਣੀ ਭਵਨ, ਰੂਪਨਗਰ - 140001 (ਪੰਜਾਬ)

ਪ੍ਰਿੰਟਿੰਗ ਪ੍ਰੈਸ
ਤੇਜ ਪ੍ਰਿੰਟਿੰਗ ਪ੍ਰੈਸ , ਫੂਲ ਚੱਕਰ ਬਾਜ਼ਾਰ, ਰੂਪਨਗਰ-140001 (ਪੰਜਾਬ)
ਈ ਮੇਲ : tejprinting@gmail.com

ਪ੍ਰਕਾਸ਼ਨਾ ਸਥਾਨ
ਸੈਣੀ ਭਵਨ
ਰੂਪਨਗਰ - 140001 (ਪੰਜਾਬ)



ਮੁੱਖ ਸੰਪਾਦਕ (ਆਨਰੇਰੀ)
ਡਾ. ਅਜਮੇਰ ਸਿੰਘ ਤੰਬੜ
# ਬੀ-12/5057, ਗੁਰੂ ਨਗਰ,
ਚੰਡੀਗੜ੍ਹ ਰੋਡ, ਰੂਪਨਗਰ - 140001 (ਪੰਜਾਬ)



ਸਰਟੀਫਿਕੇਟਸ

- "ਸੈਣੀ ਸੰਸਾਰ" ਦੇ ਸਾਰੇ ਅਹੁਦੇਦਾਰ ਆਨਰੇਰੀ ਹਨ।
- "ਸੈਣੀ ਸੰਸਾਰ" ਵਿੱਚ ਪ੍ਰਕਾਸ਼ਿਤ ਰਚਨਾਵਾਂ ਦੇ ਵਿਚਾਰਾਂ ਨਾਲ ਸੰਪਾਦਕੀ ਬੋਰਡ ਦੇ ਮੈਂਬਰਾਂ ਦਾ ਸਹਿਮਤ ਹੋਣਾ ਲਾਜ਼ਮੀ ਨਹੀਂ ਹੈ।
- ਲੇਖਕ ਆਪਣੀਆਂ, ਰਚਨਾਵਾਂ ਲਈ ਆਪ ਜ਼ਿੰਮੇਵਾਰ ਹਨ।
- "ਸੈਣੀ ਸੰਸਾਰ" ਦਾ ਪ੍ਰਕਾਸ਼ਨ ਗੈਰਵਪਾਰਕ ਹੈ।
- "ਸੈਣੀ ਸੰਸਾਰ" ਦਾ ਕੋਈ ਰਾਜਨੀਤਿਕ ਉਦੇਸ਼ ਨਹੀਂ ਹੈ।

ਸਾਰੇ ਹੱਕ ਪ੍ਰਕਾਸ਼ਕ ਦੇ ਰਾਖ਼ਵੇਂ ਹਨ ।


ਮੁੱਖ ਪੰਨੇ 'ਤੇ ਫੋਟੋ : ਕਿਸਾਨੀ ਘੋਲ ਦੌਰਾਨ ਧਰਨਾ ਦਿੰਦੇ ਲੋਕ।

## ਤੱਤਕਰਾ


| ਕੀ | ਕਿੱਥੇ |
|---|---|
| ਸੰਪਾਦਕੀ - ਕਲੇਸ਼ਭਰਪੂਰ ਸਾਲ 2020 ਨੂੰ ਅਲਵਿਦਾ | 3-4 |
| ਸੈਣੀ ਭਵਨ ਦੀਆਂ ਸਰਗਰਮੀਆਂ | 5-6 |
| ਕਵਿਤਾ-ਸੱਚੀ ਗੱਲ; ਅਟੱਲ ਟਨਲ | 7 |
| ਸਿੱਖਾਂ ਦਾ ਕਰਬਲਾ - ਸਰਹਿੰਦ | 8-9 |
| ਬੱਚਿਆਂ ਲਈ ਕਹਾਣੀ - ਰਾਜਨੀਤੀ; ਕਵਿਤਾ-ਤਾਂਘ | 10-11 |
| New Life Members of Saini Bhawan | 12 |
| ਕੈਨੇਡਾ ਵਿੱਚ ਪੰਜਾਬੀਆਂ ਦੀ ਬੱਲੇ ਬੱਲੇ | 13 |
| ਨੋਬਲ ਪੁਰਸਕਾਰ ਵਿਜੇਤਾ - 2020 | 14 |
| ਲੇਖ - ਜ਼ਿੰਦਗੀ ਦੇ ਰੰਗ ਸੱਜਣਾ | 15 |
| ਬਰਾਦਰੀ ਦਾ ਸਿਰਮੌਰ ਯੋਧਾ- ਸੂਬੇਦਾਰ ਜੋਗਿੰਦਰ ਸਿੰਘ | 16 |
| ਕਹਾਣੀ - ਰੱਬਾ ਹਾਲੇ ਨਾ ਚੁੱਕੀਂ | 17-18 |
| ਇਕਲਾਪੇ ਦਾ ਸਾਥੀ- ਮਸ਼ੀਨੀ ਮਨੁੱਖ ਰੋਬੋਟ ਪੇਪਰ | 19 |
| ਫੁੱਟਬਾਲ ਖਿਡਾਰੀ ਇੰਦਰ ਸਿੰਘ ਸੈਣੀ | 20-21 |
| Donors of Scholarships Year 2020-21 | 22-23 |
| Beneficiaries of Scholarships Year 2020-21 | 24-25 |
| ਕਹਾਣੀ - ਧਰਮ 'ਚ ਧਰਮ | 26 |
| ਬੇਟ ਦਾ ਰਾਜਾ - ਸਿਰਦਾਰ ਅਵਤਾਰ ਸਿੰਘ ਪਾਮਾ (ਸੈਣੀ) | 27-28 |
| Alleviating Youth - Suicides | 29-31 |
| ਕਿਸਾਨੀ ਘੋਲ ; ਗਜ਼ਲ | 32-33 |
| ਦ੍ਰਿਸ਼ਟੀਹੀਨ ਐਵਰੈਸਟ ਜੇਤੂ - ਐਰਿਕ ਵੇਹਨਮੇਅਰ | 34-35 |
| ਲੇਖ - ਕਿਸਾਨੀ ਬਚਾਓ-ਸੋਚ 'ਚ ਬਦਲਾਓ | 36-37 |
| Matrimonials | 38-44 |


## "ਸੈਣੀ ਸੰਸਾਰ" ਵਿੱਚ ਇਸ਼ਤਿਹਾਰਾਂ ਲਈ ਸਹਾਇਤਾ ਰਾਸ਼ੀ :

| | ਇੱਕ ਕਾਪੀ | ਸਾਲਾਨਾ (ਚਾਰ ਕਾਪੀਆਂ) |
|---|---|---|
| ਟਾਈਟਲ ਕਵਰ ਦਾ ਆਖ਼ਰੀ ਬਾਹਰਲਾ ਪੂਰਾ ਪੰਨਾ (ਰੰਗਦਾਰ) | : 3500 ਰੁ: | 13000 ਰੁ: |
| ਟਾਈਟਲ ਕਵਰ ਦਾ ਆਖ਼ਰੀ ਅੰਦਰਲਾ ਪੂਰਾ ਪੰਨਾ (ਰੰਗਦਾਰ) | : 3000 ਰੁ: | 11000 ਰੁ: |
| ਟਾਇਟਲ ਕਵਰ ਦਾ ਅੰਦਰਲਾ ਅੱਧਾ ਪੰਨਾ (ਰੰਗਦਾਰ) | : 2000 ਰੁ: | 7000 ਰੁ: |
| ਮੈਗਜ਼ੀਨ ਦਾ ਅੰਦਰਲਾ ਪੂਰਾ ਪੰਨਾ (ਰੰਗਦਾਰ) | : 2500 ਰੁ: | 9000 ਰੁ: |
| ਮੈਗਜ਼ੀਨ ਦਾ ਅੰਦਰਲਾ ਅੱਧਾ ਪੰਨਾ (ਰੰਗਦਾਰ) | : 1500 ਰੁ: | 5500 ਰੁ: |
| ਅੰਦਰਲਾ ਪੂਰਾ ਪੰਨਾ (ਕਾਲਾ ਤੇ ਚਿੱਟਾ) | : 2000 ਰੁ: | 7000 ਰੁ: |
| ਅੰਦਰਲਾ ਅੱਧਾ ਪੰਨਾ (ਕਾਲਾ ਤੇ ਚਿੱਟਾ) | : 1300 ਰੁ: | 5000 ਰੁ: |
| ਫੋਟੋ, ਸੰਖੇਪ ਵੇਰਵੇ ਸਹਿਤ (ਰੰਗਦਾਰ) ਸਪੇਸ 4 ਸੈ.ਮੀ. x 6 ਸੈ.ਮੀ. | : 500 ਰੁ: | 8 ਸੈ.ਮੀ. x 6 ਸੈ.ਮੀ. = 1000 ਰੁ: |


ਪ੍ਰਕਾਸ਼ਕ :- ਪ੍ਰਧਾਨ, ਕਾਕਾ ਰਾਮ ਸੈਣੀ ਚੈਰੀਟੇਬਲ ਟਰੱਸਟ (ਰਜਿ:) ਸੈਣੀ ਭਵਨ ਰੂਪਨਗਰ, ਨੇ ਤੇਜ ਪ੍ਰਿੰਟਿੰਗ ਪ੍ਰੈਸ, ਫੂਲ ਚੱਕਰ ਬਾਜ਼ਾਰ, ਰੂਪਨਗਰ (ਫੋਨ: 98766-26588) ਤੋਂ ਤਿਆਰ ਕਰਵਾ ਕੇ ਸੈਣੀ ਭਵਨ ਰੂਪਨਗਰ ਤੋਂ ਜਾਰੀ ਕੀਤਾ।

ਸੰਪਾਦਕੀ



# ਕਲੇਸ਼ਭਰਪੂਰ ਸਾਲ 2020 ਨੂੰ ਅਲਵਿਦਾ

ਅਜਮੇਰ ਸਿੰਘ (ਡਾ.)
ਰੂਪਨਗਰ

ਮਨੁੱਖੀ ਇਤਿਹਾਸ ਆਫ਼ਤਾਵਾਂ ਨਾਲ ਜੂਝਣ ਦੀ ਦਾਸਤਾਂ ਹੈ। ਇਹ ਜਿੱਥੇ ਮਨੁੱਖੀ ਵਿਕਾਸ ਦਾ ਰਾਸਤਾ ਰੋਕਣ ਦੀ ਕੋਸ਼ਿਸ਼ ਕਰਦੀਆਂ ਹਨ ਉੱਥੇ ਠੀਕ ਰਾਹ 'ਤੇ ਚੱਲਣ ਲਈ ਅਗਵਾਈ ਤੇ ਪ੍ਰੇਰਨਾ ਵੀ ਦਿੰਦੀਆਂ ਹਨ। ਇਹ ਭਿੰਨ ਭਿੰਨ ਰੂਪਾਂ ਵਿੱਚ ਪ੍ਰਗਟ ਹੁੰਦੀਆਂ ਹਨ। ਕੁੱਝ ਤਾਂ ਵਿਸ਼ਾਲ ਤੇ ਅਥਾਹ ਕੁਦਰਤ ਦੇ ਗੁੱਝੇ ਤੇ ਗੁੰਝਲਦਾਰ ਭੇਦਾਂ ਵਿੱਚੋਂ ਉਪਜਦੀਆਂ ਹਨ ਜਿਨ੍ਹਾਂ ਨੂੰ ਰੋਕ ਸਕਣਾ ਮਨੁੱਖ ਦੀ ਸਮਰਥਾ ਤੋਂ ਬਾਹਰ ਹੁੰਦਾ ਹੈ। ਹਾਂ, ਮਨੁੱਖ ਆਪਣੀ ਸੂਝਬੂਝ ਤੇ ਹਿੰਮਤ ਨਾਲ ਤਕਨਾਲੋਜੀ ਦੇ ਸਾਧਨਾਂ ਦੀ ਵਰਤੋਂ ਕਰਕੇ ਇਨ੍ਹਾਂ ਆਫ਼ਤਾਵਾਂ ਤੋਂ ਹੋਣ ਵਾਲੇ ਜਾਨੀ ਤੇ ਮਾਲੀ ਨੁਕਸਾਨਾਂ ਨੂੰ ਬਹੁਤ ਹੱਦ ਤੱਕ ਘਟਾ ਸਕਦਾ ਹੈ। ਭੂਚਾਲ, ਜਵਾਲਾ-ਮੁਖੀਆਂ ਦਾ ਫਟਣਾ, ਸਮੁੰਦਰੀ ਤੂਫਾਨ, ਜੰਗਲੀ ਅੱਗਾਂ ਅਤੇ ਮਹਾਂਮਾਰੀਆਂ ਅਜਿਹੀਆਂ ਹੀ ਕੁਦਰਤੀ ਆਫ਼ਤਾਵਾਂ ਹਨ। ਕੁੱਝ ਅਜਿਹੀਆਂ ਆਫ਼ਤਾਵਾਂ ਵੀ ਹਨ ਜੋ ਮਨੁੱਖ ਆਪਣੀ ਅਗਿਆਨਤਾ, ਜਾਣੇ-ਅਣਜਾਣੇ ਵਿੱਚ ਕੀਤੀ ਅਣਗਹਿਲੀ, ਹਉਮੈਂ ਤੇ ਲਾਲਸਾ ਕਾਰਨ ਖੁਦ ਸਹੇੜ ਲੈਂਦਾ ਹੈ। ਇਨ੍ਹਾਂ ਨਾਲ ਹੋਣ ਵਾਲੇ ਨੁਕਸਾਨ ਲਈ ਉਹ ਆਪ ਜ਼ਿੰਮੇਵਾਰ ਹੁੰਦਾ ਹੈ। ਮਨੁੱਖ ਨੇ ਕੌਮਾਂ ਜਾਂ ਵਿਅਕਤੀਆਂ ਦੀ ਲਾਲਸਾ ਤੇ ਘਮੰਡ ਕਾਰਨ ਵਾਪਰੇ ਬੇਲੋੜੇ ਵਿਸ਼ਵ-ਯੁੱਧਾਂ ਤੇ ਦੰਗਿਆਂ ਨਾਲ ਹੋਈ ਅਥਾਹ ਤਬਾਹੀ ਆਪਣੇ ਪਿੰਡੇ 'ਤੇ ਹੰਢਾਈ ਹੈ। ਆਪਣੀ ਬੇਰੋਕ ਲਾਲਸਾ ਤੇ ਐਸ਼ਪ੍ਰਸਤੀ ਲਈ ਕੁਦਰਤ ਨਾਲ ਕੀਤੇ ਖਿਲਵਾੜਾਂ ਦੇ ਤਬਾਹਕੁੰਨ ਨਤੀਜੇ ਹੜ੍ਹਾਂ ਤੇ ਜ਼ਮੀਨੀ-ਖਿਸਕਾਵਾਂ ਦੇ ਰੂਪ ਵਿੱਚ ਭੁਗਤੇ ਹਨ। ਮਨੁੱਖ ਆਪਣੀ ਯੋਗਤਾ, ਨੇਕ ਨੀਅਤੀ ਤੇ ਯੋਜਨਾਵੰਦੀ ਨਾਲ ਇਨ੍ਹਾਂ ਆਫ਼ਤਾਵਾਂ ਤੋਂ ਛੁਟਕਾਰਾ ਪਾ ਸਕਦਾ ਹੈ।

ਸਾਲ 2020 ਵੀ ਇਨ੍ਹਾਂ ਆਫ਼ਤਾਵਾਂ ਤੇ ਕਲੇਸ਼ਾਂ ਨਾਲ ਗ੍ਰਸਿਆ ਰਿਹਾ। ਇਸ ਸਾਲ ਦੇ ਆਗਾਜ਼ ਨਾਲ ਹੀ ਕਰੋਨਾ ਮਹਾਂਮਾਰੀ ਦੀ ਭਿਣਕ ਸਾਰੇ ਸੰਸਾਰ ਵਿੱਚ ਪੈਣ ਲੱਗੀ। ਜਿਸ ਦੇਸ਼ ਵਿੱਚੋਂ ਇਹ ਸ਼ੁਰੂ ਹੋਈ ਸੀ ਉਸ ਨੇ ਤਾਂ ਤੁਰੰਤ ਯੋਗ ਉਪਰਾਲੇ ਕਰ ਕੇ ਇਸ 'ਤੇ ਕਾਬੂ ਪਾ ਲਿਆ ਜਿਸ ਕਾਰਨ ਪ੍ਰਭਾਵਿਤ ਲੋਕਾਂ ਦੀ ਗਿਣਤੀ ਹਜ਼ਾਰਾਂ ਵਿੱਚ ਹੀ ਸਿਮਟ ਗਈ। ਇਸ ਵਾਇਰਸ ਨਾਲ ਫੈਲਣ ਵਾਲੀ ਬਿਮਾਰੀ ਦੀ ਕੋਈ ਦਵਾ ਨਾ ਹੋਣ ਕਾਰਨ ਇਹ ਅਗਲੇ ਕੁੱਝ ਹੀ ਮਹੀਨਿਆਂ ਵਿੱਚ ਸਾਰੀ ਦੁਨੀਆਂ ਵਿੱਚ ਫੈਲ ਗਈ। ਵਿਕਸਿਤ ਦੇਸ਼ਾਂ ਦੀਆਂ ਸਰਕਾਰਾਂ ਨੇ ਇਸ ਬਿਮਾਰੀ ਨੂੰ ਫੈਲਣ ਤੋਂ ਰੋਕਣ ਲਈ ਆਪਣੇ ਨਾਗਰਿਕਾਂ ਨੂੰ ਕੁੱਝ ਜ਼ਰੂਰੀ ਪਾਬੰਦੀਆਂ ਦੀ ਪਾਲਣਾ ਕਰਨ ਦੀਆਂ ਹਦਾਇਤਾਂ ਦੇ ਕੇ ਸੰਕਟ ਤੋਂ ਬਚਾ ਲਿਆ। ਭਾਵੇਂ ਬਾਹਰੀ ਕੰਮਕਾਰ ਤਾਂ ਸਾਰੇ ਦੇਸ਼ਾਂ ਵਿੱਚ ਰੁਕ ਗਏ ਪਰ ਸਰਕਾਰਾਂ ਨੇ ਲੋਕਾਂ ਨੂੰ ਕੋਈ ਆਰਥਿਕ ਪਰੇਸ਼ਾਨੀ ਨਹੀਂ ਆਉਣ ਦਿੱਤੀ। ਭਾਰਤ ਵਿੱਚ ਇਸ ਬਿਮਾਰੀ ਨੇ ਫਰਬਰੀ 2020 ਵਿੱਚ ਦਸਤਕ ਦਿੱਤੀ ਤਾਂ ਸਰਕਾਰ ਨੇ ਇਸ ਬਿਮਾਰੀ ਤੋਂ ਬਚਾਅ ਲਈ ਵਿਗਿਆਨਕ ਢੰਗ-ਤਰੀਕਿਆਂ ਦੀ ਵਰਤੋਂ ਕਰਨ ਦੀ ਬਜਾਏ ਲੋਕਾਂ ਨੂੰ ਅੰਧਵਿਸ਼ਵਾਸੀ ਤੇ ਗੈਰਵਿਗਿਆਨਕ ਵਿਧੀਆਂ ਵਿੱਚ ਫਸਾ ਰੱਖਿਆ। ਜਦੋਂ ਸਥਿਤੀ ਹੱਥੋਂ ਬਾਹਰ ਨਿਕਲਦੀ ਦੇਖੀ ਤਾਂ ਜਲਦਬਾਜ਼ੀ ਤੇ ਬਿਨਾਂ ਕਿਸੇ ਯੋਜਨਾ ਦੇ ਤਾਲਾਬੰਦੀ ਦਾ ਐਲਾਨ ਕਰ ਦਿੱਤਾ। ਇਸ ਸਮੇਂ ਆਪਣੇ ਦੇਸ਼ ਦੀ ਸਥਿਤੀ ਨੂੰ ਧਿਆਨ ਵਿੱਚ ਨਾ ਰੱਖਿਆ ਗਿਆ। ਇਸ ਨਾਲ ਰੋਜ਼ਾਨਾ ਮਜ਼ਦੂਰੀ ਕਰਕੇ ਪੇਟ ਪਾਲਣ ਵਾਲੇ ਲੱਖਾਂ ਲੋਕ ਕੰਮ ਤੋਂ ਅਵਾਜ਼ਾਰ ਹੋ ਗਏ। ਜਦੋਂ ਭੁੱਖੇ ਮਰਨ ਲੱਗੇ ਤਾਂ ਉਹ ਪੈਦਲ ਜਾਂ ਸਾਈਕਲਾਂ 'ਤੇ ਹਜ਼ਾਰਾਂ ਕਿਲੋਮੀਟਰ ਦੂਰ ਆਪਣੇ ਪਿੱਤਰੀ ਘਰਾਂ ਨੂੰ ਚੱਲ ਪਏ ਜਿਨ੍ਹਾਂ ਵਿੱਚੋਂ ਕਈ ਰਾਸਤੇ ਵਿੱਚ ਹੀ ਪ੍ਰਾਣ ਤਿਆਗ ਗਏ। ਵਾਰ ਵਾਰ ਤਾਲਾਬੰਦੀ ਕਰਨ ਦੇ ਬਾਵਜੂਦ ਭਾਰਤ ਵਿੱਚ ਕਰੋੜ ਤੋਂ ਵੱਧ ਇਸ ਬਿਮਾਰੀ ਦਾ ਸ਼ਿਕਾਰ ਹੋਏ ਅਤੇ ਡੇਢ ਲੱਖ ਦੇ ਲਾਗੇ ਜਾਨ ਤੋਂ ਹੱਥ ਧੋਅ ਬੈਠੇ। ਦੇਸ਼ ਦੀ ਆਰਥਿਕ ਹਾਲਤ ਡਾਵਾਂਡੋਲ ਹੋ ਗਈ। ਇਸ ਆਫਤ ਦਾ ਜੇਕਰ ਯੋਜਨਾਬੰਦੀ ਨਾਲ ਟਾਕਰਾ ਕੀਤਾ ਜਾਂਦਾ ਤਾਂ ਏਨੇ ਵੱਡੇ ਜਾਨੀ ਤੇ ਵਿਤੀ ਨੁਕਸਾਨ ਨੂੰ ਘਟਾਇਆ ਜਾ ਸਕਦਾ ਸੀ।

ਇਸ ਸਾਲ ਦੇ ਸ਼ੁਰੂ ਵਿੱਚ ਹੀ ਭਾਰਤ ਵਿੱਚ ਸਰਕਾਰ ਦੀਆਂ ਗੈਰਸੰਵਿਧਾਨਕ ਤੇ ਪੱਖਪਤੀ ਨੀਤੀਆਂ ਕਾਰਨ ਲੋਕਾਂ ਵਿੱਚ ਬੇਚੈਨੀ ਵਧਣ ਲੱਗੀ ਜਿਸ ਨਾਲ ਸਮਾਜਿਕ ਕਲੇਸ਼ਾਂ ਨੇ ਜਨਮ ਲਿਆ। ਸਰਕਾਰ ਵਲੋਂ ਨਾਗਰਿਕਤਾ ਤੇ ਆਬਾਦੀ ਸਬੰਧੀ ਬਣਾਏ ਵਿਤਕਰਾਭਰਪੂਰ ਨਵੇਂ ਕਾਨੂੰਨਾਂ ਦਾ ਵਿਰੋਧ ਕਰਨ ਲਈ ਦਿੱਲੀ ਦੇ ਸ਼ਾਹੀਨ ਬਾਗ ਵਿੱਚ ਮੁੱਖ ਤੌਰ 'ਤੇ ਮੁਸਲਿਮ ਬਜ਼ੁਰਗ ਔਰਤਾਂ ਨੇ ਸ਼ਾਂਤੀਪੂਰਬਕ ਧਰਨਾ ਸ਼ੁਰੂ ਕੀਤਾ। ਇਸ ਸਮੇਂ ਦਿੱਲੀ ਦੀਆਂ ਵਿਧਾਨ ਸਭਾ ਚੋਣਾਂ ਹੋਣੀਆਂ ਸਨ। ਰਾਜ ਕਰਦੀ ਪਾਰਟੀ ਦੇ ਕੁੱਝ ਜ਼ਿੰਮੇਵਾਰ ਨੇਤਾਵਾਂ ਨੇ ਵੋਟ ਰਾਜਨੀਤੀ ਅਧੀਨ ਲੋਕਤੰਤਰੀ ਢੰਗ ਨਾਲ ਨਵੇਂ ਕਾਨੂੰਨਾਂ ਦਾ ਵਿਰੋਧ ਕਰਨ ਵਾਲਿਆਂ ਨੂੰ ਗੁੰਡੇ ਤੇ ਦੇਸ਼ਧ੍ਰੋਹੀ ਕਹਿ ਕੇ 'ਗੋਲੀ ਮਾਰਨ' ਜਿਹੇ ਬਿਆਨ ਦਿੱਤੇ। ਪੁਲਿਸ ਵਲੋਂ ਇਨ੍ਹਾਂ ਵਿਰੁੱਧ ਕੋਈ ਕੇਸ ਦਰਜ ਨਹੀਂ ਕੀਤਾ ਗਿਆ। ਫਰਵਰੀ ਦੇ ਆਖਰੀ ਦਿਨਾਂ ਵਿੱਚ ਦਿੱਲੀ ਦੇ ਉੱਤਰ-ਪੂਰਬੀ ਭਾਗ ਵਿੱਚ ਦੰਗੇ ਹੋਏ ਜਿਨ੍ਹਾਂ ਵਿੱਚ ਇੱਕ ਘੱਟਗਿਣਤੀ ਮਜ਼ਹਬ ਦੇ 53 ਲੋਕ ਮਾਰੇ ਗਏ ਅਤੇ 14 ਮਸੀਤਾਂ ਤੇ ਇੱਕ ਦਰਗਾਹ 'ਤੇ ਹਮਲਾ ਹੋਇਆ। ਦਿੱਲੀ ਦੇ ਘੱਟ-ਗਿਣਤੀ ਕਮਿਸ਼ਨ ਨੇ ਆਪਣੀ ਪੜਤਾਲ ਰਿਪੋਰਟ ਵਿੱਚ ਚੋਣਾਂ ਤੋਂ ਪਹਿਲਾਂ ਨੇਤਾਵਾਂ ਦੇ ਭੜਕਾਊ ਬਿਆਨਾਂ ਨੂੰ ਜ਼ਿੰਮੇਵਾਰ ਸਿੱਧ ਕੀਤਾ ਪਰ ਪੁਲਿਸ ਨੇ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ

ਤੇ ਇਸਲਾਮੀਆਂ ਯੂਨੀਵਰਸਿਟੀ ਦੇ ਮੁਸਲਿਮ ਵਿਦਿਆਰਥੀ ਨੇਤਾਵਾਂ ਅਤੇ ਕੁੱਝ ਹੋਰ ਲੋਕ-ਹਿਤੈਸ਼ੀ ਵਿਅਕਤੀਆਂ ਨੂੰ ਇਨ੍ਹਾਂ ਦੰਗਿਆਂ ਲਈ ਜ਼ਿੰਮੇਵਾਰ ਸਮਝ ਕੇ ਉਨ੍ਹਾਂ ਵਿਰੁੱਧ ਕੇਸ ਦਰਜ ਕਰ ਕੇ ਗ੍ਰਿਫਤਾਰ ਕਰ ਲਿਆ। ਹੋਰ ਤਾਂ ਹੋਰ ਦਿੱਲੀ ਹਾਈ ਕੋਰਟ ਦੇ ਇੱਕ ਜੱਜ ਨੇ ਜਦੋਂ ਦੋਸ਼ੀ ਨੇਤਾਵਾਂ ਵਿਰੁੱਧ ਕੇਸ ਦਰਜ ਕਰਨ ਲਈ ਪੁਲਿਸ ਨੂੰ ਹੁਕਮ ਕੀਤਾ ਤਾਂ ਉਸ ਨੂੰ ਅੱਧੀ ਰਾਤ ਸਮੇਂ ਚੰਡੀਗੜ੍ਹ ਵਿਖੇ ਬਦਲ ਦਿੱਤਾ ਗਿਆ। ਇਨ੍ਹਾਂ ਗੈਰਕਾਨੂੰਨੀ ਤੇ ਧੱਕੇਸ਼ਾਹੀ ਕੰਮਾਂ ਕਰ ਕੇ ਲੋਕਾਂ ਦਾ ਸਰਕਾਰ ਤੋਂ ਭਰੋਸਾ ਖਤਮ ਹੋਣ ਲੱਗਾ।

ਦੇਸ਼ ਵਿੱਚ ਜਦੋਂ ਕਰੋਨਾ ਦੀ ਕਰੋਪੀ ਸਿਖਰਾਂ 'ਤੇ ਸੀ ਅਤੇ ਸਰਕਾਰ ਦੀਆਂ ਗਲਤ ਨੀਤੀਆਂ ਕਾਰਨ ਲੋਕ ਗੁੱਸੇ ਵਿੱਚ ਸਨ ਤਾਂ ਕੇਂਦਰ ਸਰਕਾਰ ਨੇ 21 ਜੁਲਾਈ, 2020 ਨੂੰ ਬਿਨਾਂ ਕਿਸੀ ਮੰਗ ਅਤੇ ਲੋੜ ਤੋਂ ਖੇਤੀਬਾੜੀ ਦੀ ਉਪਜ, ਖਰੀਦੋਫਰੋਖਤ ਅਤੇ ਸਾਂਭਸੰਭਾਲ ਸਬੰਧੀ ਤਿੰਨ ਆਰਡੀਨੈਂਸ ਪਾਸ ਕਰ ਦਿੱਤੇ। ਇਨ੍ਹਾਂ ਦੀ ਉਪਯੋਗਤਾ ਬਾਰੇ ਕਿਸਾਨਾਂ ਤੇ ਹੋਰ ਖੇਤੀ ਦੇ ਮਾਹਰਾਂ ਨਾਲ ਕੋਈ ਸਲਾਹ ਨਾ ਕੀਤੀ ਗਈ। ਫਿਰ ਜਲਦਬਾਜ਼ੀ ਵਿੱਚ ਇਨ੍ਹਾਂ ਆਰਡੀਨੈਂਸਾਂ ਨੂੰ ਪਾਰਲੀਮੈਂਟ ਵਿੱਚ ਬਿਨਾਂ ਕਿਸੇ ਬਹਿਸ ਅਤੇ ਵਿਰੋਧੀ ਪਾਰਟੀਆਂ ਦੇ ਨੁਮਾਇੰਦਿਆਂ ਦੇ ਇਤਰਾਜ਼ਾਂ ਦੇ ਬਾਵਜੂਦ ਕਾਨੂੰਨ ਬਣਾ ਦਿੱਤਾ ਗਿਆ। ਇਹ ਨਵੇਂ ਕਾਨੂੰਨ ਦੇਸ਼ ਦੇ ਸੰਵਿਧਾਨ ਅਨੁਸਾਰ ਸੰਘੀ ਢਾਂਚੇ ਦੀ ਉਲੰਘਣਾ ਸੀ। ਖੇਤੀ, ਸੂਬੇ ਦੇ ਅਧਿਕਾਰ ਖੇਤਰ ਵਿੱਚ ਆਉਂਦੀ ਹੈ। ਦੇਸ਼ ਦੇ ਪ੍ਰਮੁੱਖ ਆਰਥਿਕ ਮਾਹਰਾਂ ਨੇ ਵੀ ਇਨ੍ਹਾਂ ਕਾਨੂੰਨਾਂ ਨੂੰ ਕਿਸਾਨ ਵਿਰੋਧੀ ਤੇ ਸਰਮਾਏਦਾਰਪੱਖੀ ਮੰਨਿਆਂ ਹੈ। ਕਿਸਾਨਾਂ ਨੇ ਇਨ੍ਹਾਂ ਤੋਂ ਨਿਕਲਣ ਵਾਲੇ ਘਾਤਕ ਨਤੀਜਿਆਂ ਨੂੰ ਭਾਸਦਿਆਂ ਵਿਰੋਧ ਪ੍ਰਦਰਸ਼ਨ ਸ਼ੁਰੂ ਕਰ ਦਿੱਤੇ ਜਿਸ ਤਹਿਤ ਰੇਲ-ਮਾਰਗ ਰੋਕੇ ਗਏ, ਵੱਡੇ ਵਪਾਰਕ ਘਰਾਣਿਆਂ ਦੇ ਮਾਲ, ਪੈਟਰੋਲ ਪੰਪ ਤੇ ਟੌਲ ਬੰਦ ਕਰਵਾ ਦਿੱਤੇ ਗਏ। ਇਸ ਸਭ ਕੁੱਝ ਦੇ ਬਾਵਜੂਦ ਜਦੋਂ ਕੇਂਦਰ ਸਰਕਾਰ ਨੇ ਕਿਸਾਨਾਂ ਦੀ ਨਾ ਸੁਣੀ ਤਾਂ ਉਨ੍ਹਾਂ ਨੇ 'ਦਿੱਲੀ ਘੇਰੋ' ਦਾ ਨਾਹਰਾ ਬੁਲੰਦ ਕੀਤਾ। 26 ਨਵੰਬਰ ਨੂੰ ਹਰਿਆਣਾ ਸਰਕਾਰ ਵਲੋਂ ਦਿੱਲੀ ਮੁੱਖਮਾਰਗ 'ਤੇ ਲਗਾਈਆਂ ਗੈਰਕਾਨੂੰਨੀ ਤੇ ਬੇਲੋੜੀਆਂ ਰੁਕਾਵਟਾਂ ਨੂੰ ਹਟਾਉਂਦਿਆਂ ਤੇ ਪਾਣੀ ਦੀਆਂ ਬੌਛਾਰਾਂ ਤੇ ਗੈਸ ਗੋਲਿਆਂ ਦੇ ਕਸ਼ਟ ਨੂੰ ਝੱਲਦਿਆਂ ਲੱਖਾਂ ਕਿਸਾਨ ਆਪਣੇ ਟ੍ਰੈਕਟਰਾਂ ਤੇ ਟਰਾਲੀਆਂ ਸਮੇਤ ਦਿੱਲੀ ਦੇ ਬਾਰਡਰ 'ਤੇ ਪਹੁੰਚ ਗਏ। ਇਹ ਸਾਰੀ ਕਾਰਵਾਈ ਪੂਰੀ ਤਰ੍ਹਾਂ ਸ਼ਾਂਤੀਪੂਰਨ ਤੇ ਲੋਕਤੰਤਰੀ ਸੰਵਿਧਾਨ ਦੇ ਘੇਰੇ ਵਿੱਚ ਰਹਿ ਕੇ ਕੀਤੀ ਗਈ।

ਪੂਰੇ ਦੇਸ਼ ਦੀਆਂ ਕਿਸਾਨ ਜਥੇਬੰਦੀਆਂ ਤੇ ਲੋਕਪੱਖੀ ਸੰਸਥਾਵਾਂ ਨੇ ਇਸ ਲੋਕਤੰਤਰੀ ਵਿਖਾਵੇ ਦਾ ਸਮਰਥਨ ਕੀਤਾ। ਇਸ ਵਿੱਚ ਨੌਜਵਾਨ, ਔਰਤਾਂ, ਬੱਚੇ ਤੇ ਬਜ਼ੁਰਗ ਸ਼ਾਮਲ ਹੋਏ ਅਤੇ ਉਨ੍ਹਾਂ ਨੇ ਸਰਦੀ ਤੇ ਹੋਰ ਔਖਿਆਈਆਂ ਨੂੰ ਆਪਣੇ ਪਿੰਡੇ 'ਤੇ ਹੰਢਾਇਆ। ਕਿਸਾਨ ਨੇਤਾਵਾਂ ਨੇ ਸਰਕਾਰ ਵਲੋਂ ਬੁਲਾਈ ਹਰ ਮੀਟਿੰਗ ਵਿੱਚ ਭਾਗ ਲਿਆ ਪਰ ਗੱਲਬਾਤ ਕਿਸੇ ਨਤੀਜੇ 'ਤੇ ਨਾ ਪਹੁੰਚੀ ਕਿਉਂਕਿ ਸਰਕਾਰੀ ਧਿਰ ਇਨ੍ਹਾਂ ਕਾਨੂੰਨਾਂ ਨੂੰ ਕਿਸਾਨ ਪੱਖੀ ਦੱਸ ਰਹੇ ਸਨ ਜਦੋਂਕਿ ਕਿਸਾਨ ਇਨ੍ਹਾਂ ਨੂੰ ਖੇਤੀ ਲਈ ਮੌਤ ਦੇ ਵਾਰੰਟ ਕਹਿ ਰਹੇ ਸਨ। ਕਿਸਾਨਾਂ ਨੇ ਇਸ ਘੋਲ ਨੂੰ ਰਾਜਨੀਤਿਕ ਪਾਰਟੀਆਂ ਦੇ ਨੇਤਾਵਾਂ ਦੀਆਂ ਚੋਣ-ਲਾਲਸਾਵਾਂ ਤੋਂ ਬਚਾਉਣ ਹਿਤ ਉਨ੍ਹਾਂ ਨੂੰ ਲਾਗੇ ਨਹੀਂ ਫਟਕਣ ਦਿੱਤਾ। ਉਨ੍ਹਾਂ ਨੇ ਸੰਘਰਸ਼ ਦੌਰਾਨ ਸੂਝ ਨਾਲ ਵੇਗ ਦਾ ਅਤੇ ਹੋਸ਼ ਨਾਲ ਜੋਸ਼ ਦਾ ਤਵਾਜ਼ਨ ਕਾਇਮ ਰੱਖਿਆ। ਇਸ ਸੰਘਰਸ਼ ਨੂੰ ਹਰ ਧਰਮ, ਖਿੱਤੇ, ਕਿੱਤੇ ਤੇ ਵਿਚਾਰਧਾਰਾ ਦੇ ਲੋਕਾਂ ਨੇ ਸਮਰਥਨ ਦਿੱਤਾ। ਪੰਜਾਬੀ ਨੌਜਵਾਨ ਜੋ ਬੇਰੁਜ਼ਗਾਰੀ ਤੇ ਨਿਰਾਸ਼ਤਾ ਵਿੱਚ ਗ੍ਰਸ ਕੇ ਨਸ਼ਿਆਂ ਵਿੱਚ ਫਸ ਕੇ ਬਦਨਾਮ ਹੋ ਗਿਆ ਸੀ, ਉਸ ਨੂੰ ਮੁੜ ਆਪਣੀ ਮਾਤਭੂਮੀ ਪੰਜਾਬ ਵਿੱਚੋਂ ਆਸ ਦੀ ਕਿਰਨ ਦਿਸਣ ਲੱਗੀ। ਕਿਸਾਨੀ ਦੇਸ਼ ਦੀ ਰਾਜਨੀਤੀ ਦੇ ਕੇਂਦਰ ਵਿੱਚ ਆ ਗਈ।

ਇਹ ਆਪ ਸਹੇੜੀ ਹੋਈ ਆਫ਼ਤ ਸੀ। ਇਸ ਨਾਲ ਲੋਕਾਂ ਨੂੰ ਅਤਿ ਦੀ ਮਾਨਸਿਕ ਤੇ ਆਰਥਿਕ ਪ੍ਰੇਸ਼ਾਨੀ ਝੱਲਣੀ ਪਈ। ਕਿਸਾਨ ਦੇਸ਼ ਦੀ ਰੀੜ੍ਹ ਦੀ ਹੱਡੀ ਸਮਾਨ ਹਨ ਜਿਨ੍ਹਾਂ ਦੀ ਕਮਾਈ ਨਾਲ ਸਾਰੇ ਦੇਸ਼ਵਾਸੀਆਂ ਦਾ ਪੇਟ ਭਰਦਾ ਹੈ। ਜਿਨ੍ਹਾਂ ਲੋਕਾਂ ਦੀ ਬਿਹਤਰੀ ਲਈ ਇਹ ਕਾਨੂੰਨ ਬਣਾਏ ਗਏ ਹਨ ਜੇ ਉਹ ਹੀ ਇਨ੍ਹਾਂ ਨੂੰ ਹਾਨੀਕਾਰਕ ਦੱਸ ਰਹੇ ਹਨ ਤਾਂ ਇਨ੍ਹਾਂ ਨੂੰ ਠੋਸਣ ਦਾ ਕੀ ਲਾਭ? ਲੋਕਤੰਤਰੀ ਦੇਸ਼ ਵਿੱਚ ਲੋਕਾਂ ਦੀ ਰਾਇ ਲੈਣੀ ਅਤਿ ਜ਼ਰੂਰੀ ਹੈ। ਜੇ ਇੱਕ ਵੇਰ ਗਲਤੀ ਹੋ ਗਈ ਹੈ ਤਾਂ ਇਸ ਨੂੰ ਸੋਧਣ ਵਿੱਚ ਗੁਰੇਜ਼ ਨਹੀਂ ਹੋਣਾ ਚਾਹੀਦਾ। ਇਸ ਵਿੱਚ ਸਰਕਾਰ ਦੀ ਹੇਠੀ ਨਹੀਂ ਵਡੱਪਣ ਹੈ।

ਸਾਲ 2020 ਕਰੋਨਾ ਵਾਇਰਸ ਨਾਲ ਫੈਲਣ ਵਾਲੀ ਬਿਮਾਰੀ ਕੋਵਿਡ-19 ਦੀ ਕੁਦਰਤੀ ਆਫ਼ਤ ਅਤੇ ਨਵੇਂ ਖੇਤੀ ਕਾਨੂੰਨਾਂ ਦੇ ਦੇਸ਼ਵਿਆਪੀ ਕਲੇਸ਼ ਨਾਲ ਵਾਪਰੇ ਦੁਖਾਂਤ ਵਿੱਚ ਹੀ ਬੀਤਿਆ ਹੈ। ਇਨ੍ਹਾਂ ਤੋਂ ਭਾਰਤੀ ਲੋਕਾਂ ਨੂੰ ਬਹੁਤ ਕਸ਼ਟ ਝੱਲਣੇ ਪਏ। ਸਮਝਦਾਰੀ ਤੇ ਦੂਰਦ੍ਰਿਸ਼ਟੀ ਨਾਲ ਇਨ੍ਹਾਂ ਤੋਂ ਹੋਏ ਨੁਕਸਾਨ ਤੋਂ ਬਚਿਆ ਜਾ ਸਕਦਾ ਸੀ। ਸਮਾਂ ਆਪਣੀ ਚਾਲੇ ਤੁਰਦਾ ਜਾ ਰਿਹਾ ਹੈ। ਮਨੁੱਖ ਇਸ ਨੂੰ ਸੁਖਾਂਤ ਜਾਂ ਦੁਖਾਂਤ ਵਿੱਚ ਬਦਲਣ ਦੇ ਸਮਰਥ ਹੈ। ਸਿਆਣਪ ਇਹ ਹੈ ਕਿ ਪਿਛਲੇ ਸਾਲ ਨੂੰ ਅਲਵਿਦਾ ਕਹਿੰਦਿਆਂ ਇਸ ਵਿੱਚ ਹੋਈਆਂ ਗਲਤੀਆਂ ਤੋਂ ਸਿੱਖਿਆ ਲੈ ਕੇ ਨਵੇਂ ਸਾਲ 2021 ਨੂੰ ਮਨੁੱਖ ਲਈ ਖੁਸ਼ਗਵਾਰ ਬਣਾਈਏ।

ਬੜੀ ਉਦਾਸੀ ਦਿੱਤੀ ਪਿਛਲੇ ਸਾਲਾਂ ਨੇ,
ਹਾਸੇ ਵੰਡਦਾ ਆਵੀਂ ਨਵਿਆਂ ਸਾਲਾ ਤੂੰ। (ਬਾਬਾ ਨਜ਼ਮੀ)

**ਸੈਣੀ ਭਵਨ ਰੂਪਨਗਰ ਦੇ ਸਮੂਹ ਆਜੀਵਨ ਮੈਂਬਰਾਂ, ਹਿਤੈਸ਼ੀਆਂ, ਦਾਨੀਆਂ ਅਤੇ ਮੈਗਜ਼ੀਨ "ਸੈਣੀ ਸੰਸਾਰ" ਦੇ ਪਾਠਕਾਂ ਨੂੰ ਨਵੇਂ ਸਾਲ 2021 ਦੀਆਂ ਬਹੁਤ ਬਹੁਤ ਵਧਾਈਆਂ**

### ਸਤੰਬਰ ਤੋਂ ਦਸੰਬਰ 2020 ਦੌਰਾਨ

## ਸੈਣੀ ਭਵਨ ਰੂਪਨਗਰ ਦੀਆਂ ਸਰਗਰਮੀਆਂ

ਰਾਜਿੰਦਰ ਸੈਣੀ
ਰੂਪਨਗਰ



**ਮੈਗਜ਼ੀਨ ''ਸੈਣੀ ਸੰਸਾਰ" ਲੋਕਅਰਪਣ**- ਤਿਮਾਹੀ ਮੈਗਜ਼ੀਨ ''ਸੈਣੀ ਸੰਸਾਰ" ਦਾ 38ਵਾਂ ਅੰਕ ਸੈਣੀ ਭਵਨ ਵਿਖੇ **ਕੋਵਿਡ-19** ਦੇ ਨਿਯਮਾਂ ਦੀ ਪਾਲਣਾ ਕਰਦੇ ਹੋਏ ਸੰਸਥਾ ਦੇ ਟਰੱਸਟੀਆਂ ਅਤੇ ਪ੍ਰਬੰਧਕੀ ਕਮੇਟੀ ਦੇ ਮੈਂਬਰਾਂ ਦੀ ਸੀਮਤ ਹਾਜ਼ਰੀ ਵਿੱਚ 8 ਸਤੰਬਰ ਨੂੰ ਰਿਲੀਜ਼ ਕੀਤਾ ਗਿਆ। ਕਾਕਾ ਰਾਮ ਸੈਣੀ ਚੈਰੀਟੇਬਲ ਟਰੱਸਟ (ਰਜਿ.) ਵਲੋਂ ਪ੍ਰਕਾਸ਼ਿਤ ਕੀਤੇ ਜਾਂਦੇ ਸਮਾਜਿਕ ਚੇਤਨਾ ਦੇ ਪ੍ਰਤੀਕ ਇਸ ਮੈਗਜ਼ੀਨ ਨੂੰ ਲੋਕਅਪਰਣ ਕਰਨ ਦੀ ਰਸਮ ਸ਼ਹਿਰ ਦੇ ਉੱਘੇ ਸਮਾਜਸੇਵੀ ਸਾਬਕਾ ਐਮ. ਸੀ. ਸ਼੍ਰੀ ਕਰਨੈਲ ਸਿੰਘ ਤੰਬੜ ਨੇ ਅਦਾ ਕੀਤੀ। ਇਸ ਮੌਕੇ 'ਤੇ ਬੋਲਦਿਆਂ ਸ਼੍ਰੀ ਤੰਬੜ ਨੇ ਕਿਹਾ ਕਿ ਲੰਬੇ ਸਮੇਂ ਤੋਂ ਸਮਾਜ ਸੇਵਾ ਦੇ ਖੇਤਰ ਵਿੱਚ ਸੈਣੀ ਭਵਨ ਰੂਪਨਗਰ ਦੀ ਆਪਣੀ ਵੱਖਰੀ ਪਹਿਚਾਣ ਹੈ। ਇਸ ਦਾ ਸਿਹਰਾ ਇਸ ਸੰਸਥਾ ਦੇ ਬਾਨੀ ਟਰੱਸਟੀਆਂ ਨੂੰ ਜਾਂਦਾ ਹੈ ਜਿਨ੍ਹਾਂ ਨੇ ਲੋਕ ਸੇਵਾ ਦੇ ਇਸ ਕੇਂਦਰ ਦੀ ਸਥਾਪਨਾ ਕੀਤੀ ਅਤੇ ਅੱਜ ਇਸ ਸੰਸਥਾ ਨਾਲ ਉਸਾਰੂ ਅਤੇ ਸਹੀ ਸੋਚ ਵਾਲੇ ਲੋਕੀਂ ਜੁੜ ਕੇ ਲੋਕ ਸੇਵਾ ਦੇ ਮੰਤਵ ਦੀ ਪੂਰਤੀ ਲਈ ਸਮਰਪਣ ਦੀ ਭਾਵਨਾ ਨਾਲ ਆਪਣੀਆਂ ਸੇਵਾਵਾਂ ਦੇ ਰਹੇ ਹਨ। ਉਨ੍ਹਾਂ ਇਸ ਮੌਕੇ ਸੈਣੀ ਭਵਨ ਦੀ ਸੰਸਥਾ ਨੂੰ ਸਮਾਜ ਭਲਾਈ ਕੰਮਾਂ ਲਈ 10100/- ਰੁਪਏ ਦੀ ਮਾਲੀ ਮਦਦ ਵੀ ਦਿੱਤੀ। ਇਸ ਮੌਕੇ ਸੰਸਥਾ ਦੇ ਚੇਅਰਮੈਨ ਡਾ. ਅਜਮੇਰ ਸਿੰਘ ਤੰਬੜ ਅਤੇ ਪੀਆਰਓ ਰਾਜਿੰਦਰ ਸੈਣੀ ਨੇ ਮੁੱਖ ਮਹਿਮਾਨ ਦਾ ਸਵਾਗਤ ਕਰਦੇ ਹੋਏ ਸੰਸਥਾ ਦੀਆਂ ਲੋਕ ਭਲਾਈ ਸਕੀਮਾਂ ਬਾਰੇ ਜਾਣਕਾਰੀ ਸਾਂਝੀ ਕੀਤੀ। ਇਸ ਮੌਕੇ ਸੰਸਥਾ ਦੇ ਜਨਰਲ ਸਕੱਤਰ ਬਲਬੀਰ ਸਿੰਘ ਸੈਣੀ, ਸਾਬਕਾ ਐਮ.ਸੀ ਗੁਰਮੱਖ ਸਿੰਘ ਸੈਣੀ, ਰਾਮ ਸਿੰਘ ਸੈਣੀ, ਇੰਜ. ਹਰਜੀਤ ਸਿੰਘ, ਡਾ. ਜਸਵੰਤ ਕੌਰ ਸੈਣੀ, ਅਮਰਜੀਤ ਸਿੰਘ, ਐਡਵੋਕੇਟ ਰਾਵਿੰਦਰ ਸਿੰਘ ਮੁੰਦਰਾ, ਗੁਰਮੁੱਖ ਸਿੰਘ ਲੋਂਗੀਆ, ਰਾਜਿੰਦਰ ਸਿੰਘ ਗਿਰਨ, ਬਹਾਦਰਜੀਤ ਸਿੰਘ, ਹਰਜੀਤ ਸਿੰਘ ਗਿਰਨ, ਮਨਜੀਤ ਸਿੰਘ ਤੰਬੜ ਤੇ ਅਜਮੇਰ ਸਿੰਘ ਧਮੜੈਤ ਆਦਿ ਹਾਜ਼ਰ ਸਨ।

**ਹਾਥਰਸ ਮਾਮਲੇ ਦੀ ਨਿਖੇਧੀ ਤੇ ਕਿਸਾਨਾਂ ਦੇ ਸੰਘਰਸ਼ ਦੀ ਹਮਾਇਤ** -ਸੈਣੀ ਭਵਨ ਰੂਪਨਗਰ ਦੀ ਪ੍ਰਬੰਧਕੀ ਕਮੇਟੀ ਵਲੋਂ 7 ਅਕਤੂਬਰ ਨੂੰ ਕੀਤੀ ਗਈ ਮੀਟਿੰਗ ਦੌਰਾਨ ਦੋ ਮੱਤੇ ਪਾਸ ਕੀਤੇ। ਪਹਿਲੇ ਮਤੇ ਰਾਹੀ ਉੱਤਰ ਪ੍ਰਦੇਸ਼ ਦੇ ਹਾਥਰਸ ਜ਼ਿਲ੍ਹੇ ਦੇ ਇਕ ਪਿੰਡ ਵਿੱਚ ਦਲਿਤ ਪਰਿਵਾਰ ਦੀ 19 ਸਾਲਾ ਧੀ ਨਾਲ ਸਮੂਹਿਕ ਜਬਰ ਜਨਾਹ ਅਤੇ ਭਿਅੰਕਰ ਕਤਲ ਕਰਨ ਦੇ ਮਾਮਲੇ ਦੀ ਜ਼ੋਰਦਾਰ ਸਬਦਾਂ ਨਾਲ ਨਿਖੇਧੀ ਕੀਤੀ ਗਈ। ਇਸ ਮਾਮਲੇ ਨੂੰ ਇਨਸਾਨੀਅਤ ਤੋਂ ਗਿਰਿਆ ਕਰਾਰ ਦਿੰਦੇ ਹੋਏ ਪੀੜਤ ਪਰਿਵਾਰ ਨੂੰ ਇਨਸਾਫ ਦੇਣ ਅਤੇ ਦੋਸ਼ੀਆਂ ਨੂੰ ਮਿਸਾਲੀ ਸਜ਼ਾ ਦੇਣ 'ਤੇ ਜ਼ੋਰ ਦਿੱਤਾ। ਦੂਜੇ ਮਤੇ ਰਾਹੀਂ ਨਵੇਂ ਖੇਤੀ ਕਾਨੂੰਨਾਂ ਨੂੰ ਲੈ ਕੇ ਪੰਜਾਬ ਦੇ ਕਿਸਾਨਾਂ 'ਚ ਪਾਏ ਜਾ ਰਹੇ ਰੋਹ ਕਾਰਨ ਆਰੰਭੇ ਸੰਘਰਸ਼ ਦੀ ਹਮਾਇਤ ਕੀਤੀ ਗਈ ਕਿਉਂਕਿ ਪੰਜਾਬ ਖੇਤੀ-ਪ੍ਰਧਾਨ ਰਾਜ ਹੈ, ਨਵੇਂ ਖੇਤੀ ਕਾਨੂੰਨ ਸਿੱਧੇ ਤੌਰ 'ਤੇ ਕਿਸਾਨ ਦੀ ਆਰਥਿਕਤਾ ਨੂੰ ਪ੍ਰਭਾਵਿਤ ਕਰਦੇ ਹਨ। ਇਸ ਲਈ ਸਰਕਾਰ ਨੂੰ ਕਿਸਾਨਾਂ ਨੂੰ ਵਿਸ਼ਵਾਸ ਵਿੱਚ ਲੈ ਕੇ ਉਨ੍ਹਾਂ ਦੀਆਂ ਮੰਗਾਂ ਦਾ ਭਰੋਸੇਯੋਗ ਹਲ ਕੱਢਣ ਦੀ ਮੰਗ ਕੀਤੀ ਗਈ।

**ਸੈਣੀ ਬਰਾਦਰੀ ਦੀਆਂ ਮਿਹਨਤੀ ਧੀਆਂ ਦਾ ਸਨਮਾਨ-** ਸੈਣੀ ਭਵਨ ਦੇ ਪ੍ਰਬੰਧਕਾਂ ਨੇ 7 ਅਕਤੂਬਰ ਨੂੰ ਬਰਾਦਰੀ ਦੀਆਂ ਦੋ ਮਿਹਨਤੀ ਧੀਆਂ- ਸਟੇਟ ਅਵਾਰਡੀ ਅਧਿਆਪਕਾ ਸ਼੍ਰੀਮਤੀ ਅਮਨਪ੍ਰੀਤ ਕੌਰ ਅਤੇ ਇੰਜ. ਕੁਮਾਰੀ ਨਵਨੀਤ ਕੌਰ ਜਿਨ੍ਹਾਂ ਨੇ ਆਪਣੇ ਆਪਣੇ ਖੇਤਰ ਵਿੱਚ ਮਿਹਨਤ ਅਤੇ ਲਗਨ ਨਾਲ ਸਮਾਜ ਵਿੱਚ ਸਨਮਾਨਯੋਗ ਥਾਂ ਕਾਇਮ ਕੀਤੀ ਹੈ, ਦਾ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਗਿਆ। **ਸ਼੍ਰੀਮਤੀ ਅਮਨਪ੍ਰੀਤ ਕੌਰ** ਪਤਨੀ ਸ਼੍ਰੀ ਦੇਵਿੰਦਰ ਕੁਮਾਰ ਪਿੰਡ ਗਰਦਲੇ ਇਸ ਸਮੇਂ ਬਤੌਰ ਹੈੱਡ ਟੀਚਰ ਸਰਕਾਰੀ ਪ੍ਰਾਇਮਰੀ ਸਕੂਲ ਅਮਲਾਲਾ ਬਲਾਕ ਬਨੂੜ ਜ਼ਿਲ੍ਹਾ ਐਸਏਐਸ ਨਗਰ ਵਿੱਚ ਤੈਨਾਤ ਹੈ। ਸਾਲ 2018 ਦੇ ਗਣਤੰਤਰ ਦਿਵਸ 'ਤੇ ਉਸ ਨੂੰ ਜ਼ਿਲ੍ਹਾ ਪ੍ਰਸ਼ਾਸਨ ਨੇ ਅਤੇ 2020 ਦੇ ਅਧਿਆਪਕ ਦਿਵਸ ਸਮੇਂ ਪੰਜਾਬ ਸਰਕਾਰ ਨੇ ਸਟੇਟ ਐਵਾਰਡ ਨਾਲ ਸਨਮਾਨਿਤ ਕੀਤਾ ਹੈ। ਉਸ ਨੇ ਹਮੇਸ਼ਾਂ ਆਪਣੇ ਕਿੱਤੇ ਨਾਲ ਇਨਸਾਫ ਕਰਨ ਦਾ ਯਤਨ ਕੀਤਾ ਹੈ ਅਤੇ ਉਸ ਨੂੰ ਅੱਜ ਇਸ ਗੱਲ ਦੀ ਖੁਸ਼ੀ ਹੈ ਕਿ ਉਸ ਨੇ ਜਿਨ੍ਹਾਂ 7 ਸਕਲੂਾ ਵਿੱਚ ਪੜ੍ਹਾਇਆ ਉਹ ਸਾਰੇ ਹੁਣ ਸਮਾਰਟ ਸਕੂਲ ਬਣ ਚੁੱਕੇ ਹਨ।

**ਕੁਮਾਰੀ ਨਵਨੀਤ ਕੌਰ** ਪੁੱਤਰੀ ਸ.ਹਰਿੰਦਰ ਸਿੰਘ ਏਐਸਆਈ ਪੰਜਾਬ ਰੇਲਵੇ ਪੁਲਿਸ ਅਤੇ ਸ਼੍ਰੀਮਤੀ ਨੀਲਮ ਕੁਮਾਰੀ ਪਿੰਡ ਮੁਜਾਫਤ ਜ਼ਿਲ੍ਹਾ ਰੂਪਨਗਰ, ਨੇ ਸਾਲ 2010 ਵਿੱਚ ਅੱਠਵੀ ਜਮਾਤ ਦੀ ਬੋਰਡ ਦੀ ਪ੍ਰੀਖਿਆ ਵਿੱਚ ਪੰਜਾਬ ਭਰ ਵਿੱਚ ਪਹਿਲਾ ਸਥਾਨ ਹਾਸਿਲ ਕਰਕੇ ਬਰਾਦਰੀ ਦਾ ਨਾਂ ਉੱਚਾ ਕੀਤਾ ਸੀ। ਉਸ ਸਮੇਂ ਸੈਣੀ ਭਵਨ ਤੋਂ ਨਗਦ ਇਨਾਮ ਪ੍ਰਾਪਤ ਕਰਕੇ ਇਸ ਬੇਟੀ ਨੇ ਪੂਰੀ ਤਨਦੇਹੀ ਨਾਲ ਮਿਹਨਤ ਕਰ ਕੇ ਚੰਡੀਗੜ੍ਹ ਯੂਨੀਵਰਸਿਟੀ ਘੰੜੂਆਂ ਤੋਂ ਬੀ.ਟੈਕ ਦੀ ਡਿਗਰੀ ਹਾਸਲ ਕੀਤੀ। ਹੁਣ ਇਹ ਬੱਚੀ ਮਿਊ ਸਿਗਮਾ ਕੰਪਨੀ ਬੰਗਲੌਰ 'ਚ ਵਧੀਆ ਪੈਕੇਜ 'ਤੇ ਕੰਮ ਕਰ ਰਹੀ ਹੈ। ਇਸ ਵਲੋ ਅੱਜ ਸੈਣੀ ਭਵਨ ਨੂੰ ਆਪਣੀ ਨੇਕ ਕਮਾਈ ਵਿੱਚੋਂ 10000/- ਰੁਪਏ ਦੀ ਵਿੱਤੀ ਸਹਾਇਤਾ ਕੀਤੀ ਗਈ।

**ਸੈਣੀ ਭਵਨ 'ਚ ਮੁੜ ਤੋ ਆਰੰਭ ਹੋਈਆਂ ਕਲਾਸਾਂ**- ਸੈਣੀ ਭਵਨ ਰੂਪਨਗਰ ਵਲੋਂ ਲੋੜਵੰਦ ਬੱਚਿਆਂ ਨੂੰ ਤਕਨੀਕੀ ਸਿੱਖਿਆ ਦੇਣ ਲਈ ਚਲਾਏ ਜਾ ਰਹੇ ਵੱਖ ਵੱਖ ਕੋਰਸਾਂ ਦੀਆਂ ਕਲਾਸਾਂ ਜੋ ਕੋਰੋਨਾ ਕਾਰਨ ਬੰਦ ਸਨ, ਫਿਰ ਤੋਂ ਦੋ ਨਵੰਬਰ ਤੋਂ ਆਰੰਭ ਕਰ ਦਿੱਤੀਆਂ ਗਈਆਂ ਹਨ। ਜ਼ਿਕਰਯੋਗ ਹੈ ਕਿ ਸੈਣੀ ਭਵਨ ਵਿੱਖੇ ਇੱਕ ਸੁਰੱਖਿਅਤ ਵਾਤਾਵਰਣ 'ਚ ਸਿਲਾਈ ਕਢਾਈ, ਫੈਸ਼ਨ ਡਿਜਾਇਨ, ਬਿਊਟੀਸ਼ਨ ਅਤੇ ਕੰਪਿਊਟਰ ਦੇ ਕੋਰਸ ਬਹੁਤ ਹੀ ਘੱਟ ਫੀਸਾਂ ਤੇ ਕਰਵਾਏ ਜਾਂਦੇ ਹਨ। ਗਰੀਬ ਸਿੱਖਿਆਰਥੀਆਂ ਨੂੰ ਵਿਸ਼ੇਸ਼ ਰਿਆਇਤ ਵੀ ਦਿੱਤੀ ਜਾਂਦੀ ਹੈ। ਸੈਣੀ ਭਵਨ ਵਿਖੇ ਸਿੱਖਿਆਰਥੀਆਂ ਨੂੰ ਕੋਰੋਨਾ ਤੋਂ ਸੁਰੱਖਿਅਤ ਰੱਖਣ ਲਈ ਪੂਰਾ ਪ੍ਰਬੰਧ ਕੀਤਾ ਗਿਆ ਹੈ।

**ਸਾਲਾਨਾ ਸਿੱਖਿਆ ਸਮਾਗਮ-** ਸੈਣੀ ਚੈਰੀਟੇਬਲ ਐਜੂਕੇਸ਼ਨ ਟਰੱਸਟ (ਰਜਿ.) ਵਲੋਂ 28 ਨਵੰਬਰ ਨੂੰ ਸੈਣੀ ਭਵਨ ਵਿਖੇ ਕਰੋਨਾ ਮਹਾਮਾਰੀ ਦੀਆਂ ਹਦਾਇਤਾਂ ਦੀ ਪਾਲਣਾ ਕਰਦੇ ਹੋਏ ਸਾਲਾਨਾ ਸਿੱਖਿਆ ਸਮਾਗਮ-2020 ਦਾ ਆਯੋਜਨ ਕੀਤਾ ਗਿਆ। ਸਮਾਗਮ ਦੌਰਾਨ ਵਿਦਿਅਕ ਸੈਸ਼ਨ 2020-21 ਲਈ ਆਰਥਿਕ ਤੌਰ ਤੇ ਕਮਜ਼ੋਰ ਪਰਿਵਾਰਾਂ ਦੇ 90 ਵਿਦਿਆਰਥੀਆਂ ਨੂੰ 6,03000/- (ਛੇ ਲੱਖ ਤਿੰਨ ਹਜ਼ਾਰ ਰੁਪਏ) ਦੇ ਵਜੀਫ਼ੇ ਵੰਡਣ ਦੀ ਰਸਮ ਕੀਤੀ ਗਈ। ਸਮਾਗਮ ਵਿੱਚ ਬਤੌਰ ਮੁੱਖ ਮਹਿਮਾਨ ਪੰਚਕੂਲਾ ਤੋਂ ਇੰਜ. ਭਗਵਾਨ ਸਿੰਘ, ਸੇਵਾਮੁਕਤ ਖੇਤਰੀ ਵਾਤਾਵਰਣ ਅਧਿਕਾਰੀ, ਹਰਿਆਣਾ ਸਰਕਾਰ ਨੇ ਸ਼ਿਰਕਤ ਕੀਤੀ ਅਤੇ ਸਮਾਗਮ ਦੀ ਪ੍ਰਧਾਨਗੀ ਸ਼੍ਰੀ ਤਰਸੇਮ ਸੈਣੀ, ਪ੍ਰਧਾਨ, ਆਲ ਇੰਡੀਆ ਰਾਇਸ ਮਿਲਰਜ਼ ਐਸੋਸੀਏਸ਼ਨ ਨੇ ਕੀਤੀ। ਦੋਵੇ ਮਹਿਮਾਨਾਂ ਨੇ 51 ਵਿਦਿਆਰਥੀਆਂ ਨੂੰ ਵਜੀਫ਼ੇ ਦੇ ਚੈਕ ਵੰਡੇ। ਇਸ ਮੌਕੇ 'ਤੇ ਬੋਲਦਿਆਂ ਇੰਜ. ਭਗਵਾਨ ਸਿੰਘ ਨੇ ਕਿਹਾ ਕਿ ਸਮਾਜ ਸੇਵਾ ਦੇ ਖੇਤਰ ਵਿੱਚ ਸੈਣੀ ਭਵਨ ਰੂਪਨਗਰ ਦੀ ਆਪਣੀ ਵੱਖਰੀ ਪਹਿਚਾਣ ਹੈ। ਵਿਦਿਆ ਦੇ ਪ੍ਰਸਾਰ ਲਈ ਸੈਣੀ ਚੈਰੀਟੇਬਲ ਐਜੂਕੇਸ਼ਨ ਟਰੱਸਟ ਸਭ ਤੋਂ ਵਧੀਆ ਕੰਮ ਕਰ ਰਿਹਾ ਹੈ, ਜਿਸ ਲਈ ਇਸ ਦੇ ਪ੍ਰਬੰਧਕ ਵਧਾਈ ਦੇ ਪਾਤਰ ਹਨ। ਉਨ੍ਹਾਂ ਸੈਣੀ ਭਵਨ ਨੂੰ ਸਮਾਜ ਭਲਾਈ ਦੇ ਕੰਮਾਂ ਨੂੰ ਉਤਸ਼ਾਹਿਤ ਕਰਨ ਲਈ 51 ਹਜ਼ਾਰ ਰੁਪਏ ਦਾਨ ਕੀਤੇ। ਸ਼੍ਰੀ ਤਰਸੇਮ ਸੈਣੀ ਨੇ ਇਸ ਸਮੇਂ ਬੋਲਦਿਆਂ ਕਿਹਾ ਕਿ ਕਰੋਨਾ ਦੀ ਸਭ ਤੋਂ ਵੱਡੀ ਮਾਰ ਵਿਦਿਆ ਤੇ ਪਈ ਹੈ ਅਤੇ ਲੋੜਵੰਦ ਵਿਦਿਆਰਥੀਆਂ ਨੂੰ ਕਠਿਨਾਈ ਦਾ ਸਾਹਮਣਾ ਕਰਨਾ ਪਿਆ ਹੈ। ਸੈਣੀ ਭਵਨ ਰੂਪਨਗਰ ਦਾ ਇਹ ਬਹੁਤ ਹੀ ਸ਼ਾਨਦਾਰ ਉਪਰਾਲਾ ਹੈ। ਉਨ੍ਹਾਂ ਸੰਸਥਾ ਨੂੰ ਇਸ ਕਾਰਜ ਲਈ ਦਸ ਹਜ਼ਾਰ ਰੁਪਏ ਦੀ ਮਾਲੀ ਮਦਦ ਦਿੱਤੀ। ਮੁੱਖ ਮਹਿਮਾਨ, ਸਮਾਗਮ ਦੇ ਪ੍ਰਧਾਨ ਅਤੇ ਦਾਨੀ ਸੱਜਣਾਂ ਨੂੰ ਸਨਮਾਨ ਚਿੰਨ੍ਹ ਅਰਪਣ ਕੀਤੇ ਗਏ। ਸਮਾਗਮ ਦੇ ਆਰੰਭ ਵਿੱਚ ਐਜੂਕੇਸ਼ਨ ਟਰੱਸਟ ਦੇ ਪ੍ਰਧਾਨ ਰਾਜਿੰਦਰ ਸੈਣੀ ਨੇ ਆਏ ਮਹਿਮਾਨਾਂ, ਦਾਨੀਆਂ ਤੇ ਵਿਦਿਆਰਥੀਆਂ ਦਾ ਸਵਾਗਤ ਕੀਤਾ। ਇਸ ਮੌਕੇ ਡਾ. ਜਸਵੰਤ ਕੌਰ ਸੈਣੀ, ਅਮਰਜੀਤ ਸਿੰਘ ਤੇ ਐਡਵੋਕੇਟ ਰਾਵਿੰਦਰ ਸਿੰਘ ਮੁੰਦਰਾ ਵਲੋਂ ਐਜੂਕੇਸ਼ਨ ਟਰੱਸਟ ਦੇ ਦਾਨੀਆਂ ਨੂੰ ਉਨ੍ਹਾਂ ਦੇ ਨਾਮ ਪੜ੍ਹ ਕੇ ਯਾਦ ਕੀਤਾ ਗਿਆ ਅਤੇ ਉਨ੍ਹਾਂ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਸੇਵਾਮੁਕਤ ਫ਼ਲਾਇੰਗ ਲੈਫਟੀਡੈਂਟ ਤਰਲੋਚਨ ਸਿੰਘ, ਸੰਸਥਾ ਦੇ ਟਰੱਸਟੀ ਤੇ ਪ੍ਰਬੰਧਕੀ ਮੈਂਬਰ ਕੈਪਟਨ ਹਾਕਮ ਸਿੰਘ, ਇੰਜ. ਹਰਜੀਤ ਸਿੰਘ ਸੈਣੀ, ਬਹਾਦਰਜੀਤ ਸਿੰਘ, ਹਰਜੀਤ ਸਿੰਘ ਗਿਰਨ, ਰਾਜਿੰਦਰ ਸਿੰਘ ਗਿਰਨ, ਸੁਰਿੰਦਰ ਸਿੰਘ ਤੋਂ ਇਲਾਵਾ ਜਗਦੇਵ ਸਿੰਘ, ਗਿਆਨੀ ਈਸ਼ਰ ਸਿੰਘ ਵੀ ਹਾਜ਼ਰ ਸਨ।

**ਮਾਸਿਕ ਮੀਟਿੰਗ, ਜਨਮ ਦਿਨ ਮਨਾਏ –**

ਸਤੰਬਰ, ਅਕਤੂਬਰ, ਨਵੰਬਰ ਅਤੇ ਦਸੰਬਰ ਮਹੀਨਿਆਂ ਦੌਰਾਨ ਕਰੋਨਾ ਮਹਾਮਾਰੀ ਦੀਆਂ ਪਾਬੰਦੀਆਂ ਦੇ ਬਾਵਜੂਦ, ਸੈਣੀ ਭਵਨ ਦੀਆਂ ਮਾਸਿਕ ਮੀਟਿੰਗਾਂ ਕੀਤੀਆਂ ਗਈਆਂ। ਇਨ੍ਹਾਂ ਵਿੱਚ ਹੋਰ ਮਸਲਿਆਂ ਤੇ ਵਿਚਾਰ ਵਟਾਂਦਰਿਆਂ ਦੇ ਨਾਲ ਨਾਲ ਟਰੱਸਟੀਆਂ ਦੇ ਜਨਮਦਿਨ ਵੀ ਮਨਾਏ ਗਏ। ਇਨ੍ਹਾਂ ਵਿੱਚ ਸ. ਰਾਮ ਸਿੰਘ, ਇੰਜ: ਹਰਜੀਤ ਸਿੰਘ, ਸ. ਹਾਕਮ ਸਿੰਘ, ਸ਼੍ਰੀ ਰਾਜੀਵ ਸੈਣੀ ਅਤੇ ਡਾ. ਜਸਵੰਤ ਕੌਰ ਸ਼ਾਮਲ ਹਨ।

## ਸੇਵਾਮੁਕਤੀ 'ਤੇ ਵਧਾਈ

**ਸ.ਦਲਜੀਤ ਸਿੰਘ** ਪੁੱਤਰ ਸਵ. ਪ੍ਰਦੁਮਣ ਸਿੰਘ ਵਾਸੀ ਜਗਜੀਤ ਨਗਰ ਰੂਪਨਗਰ, 30 ਨਵੰਬਰ 2020 ਨੂੰ ਪੰਜਾਬ ਬਿਜਲੀ ਬੋਰਡ ਵਿੱਚ ਡੈਸਕ ਕੰਟਰੋਲਰ ਦੇ ਅਹੁਦੇ ਤੋਂ ਸੇਵਾਮੁਕਤ ਹੋਏ ਹਨ। ਆਪ ਬਹੁਤ ਵੱਡੇ ਸਮਾਜਸੇਵੀ ਹਨ ਜਿਨ੍ਹਾਂ ਨੇ 29 ਵਾਰ ਖੂਨ ਦਾਨ ਕਰ ਕੇ ਸਿਹਤ ਵਿਭਾਗ ਪੰਜਾਬ ਤੋਂ ਸਟੇਟ ਐਵਾਰਡ ਪ੍ਰਾਪਤ ਕੀਤਾ। ਆਪ ਸਾਬਕਾ ਕੌਮੀ ਦੌੜਾਕ ਹਨ ਅਤੇ ਕਈ ਸੋਨ ਤਮਗੇ ਹਾਸਲ ਕਰ ਚੁੱਕੇ ਹਨ। ਆਪ ਸੈਣੀ ਭਵਨ ਰੂਪਨਗਰ ਦੇ ਸਰਗਰਮ ਆਜੀਵਨ ਮੈਂਬਰ ਹਨ। ਸੈਣੀ ਭਵਨ ਦੇ ਪ੍ਰਬੰਧਕ ਆਪ ਦੀ ਸਿਹਤਯਾਬੀ ਲਈ ਅਰਦਾਸ ਕਰਦੇ ਹਨ ਤਾਂ ਜੋ ਓਹ ਸਮਾਜ ਦੀ ਸੇਵਾ ਕਰਦੇ



ਦਲਜੀਤ ਸਿੰਘ ਨੂੰ ਸੇਵਾ ਮੁਕਤੀ ਤੇ ਸਨਮਾਨਿਤ ਕਰਦੇ ਹੋਏ ਇੰਜ: ਮੋਹਿਤ ਬੱਤਾ (ਐਡੀਸ਼ਨਲ ਐੱਸ.ਈ.)

ਕਿਸਾਨ ਸੰਘਰਸ਼ ਨੂੰ ਸਮਰਪਿਤ ਕਵਿਤਾ

## ਸੱਚੀ ਗੱਲ

**ਸੁਰਜੀਤ ਪਾਤਰ**

ਇਹ ਬਾਤ ਨਿਰੀ ਏਨੀ ਹੀ ਨਹੀਂ, ਨਾ ਇਹ ਮਸਲਾ ਸਿਰਫ਼ ਕਿਸਾਨ ਦਾ ਏ।
ਇਹ ਪਿੰਡ ਦੇ ਵਸਦੇ ਰਹਿਣ ਦਾ ਏ, ਜਿਹਨੂੰ ਤੌਖ਼ਲਾ ਉੱਜੜ ਜਾਣ ਦਾ ਏ।

ਉਂਜ ਤਾਂ ਇਹ ਚਿਰਾਂ ਦਾ ਉੱਜੜ ਰਿਹਾ, ਕੋਈ ਅੱਜ ਨਈ ਉੱਜੜਨ ਲੱਗਿਆ ਏ।
ਇਹਨੂੰ ਗੈਰਾਂ ਨੇ ਵੀ ਲੁੱਟਿਆ ਏ ਤੇ ਆਪਣਿਆਂ ਵੀ ਠੱਗਿਆ ਏ।
ਇਹਦਾ ਮਨ ਪਿੰਡੇ ਤੋਂ ਵੱਧ ਜ਼ਖ਼ਮੀ, ਦੁੱਖ ਰੂਹ ਤੋਂ ਵਿੱਛੜ ਜਾਣ ਦਾ ਏ।
ਇਹ ਬਾਤ ਨਿਰੀ ਏਨੀ ਹੀ ਨਹੀਂ..........

ਇਹ ਗੱਲ ਨਿਰੀ ਖੇਤਾਂ ਦੀ ਨਹੀਂ, ਇਹ ਗੱਲ ਤਾਂ ਸਫ਼ਿਆਂ ਦੀ ਵੀ ਹੈ।
ਅੱਖਰ ਨੇ ਜਿਨ੍ਹਾਂ ਤੇ ਬੀਜਾਂ ਜਿਹੇ, ਉਹਨਾਂ ਸੱਚ ਦੇ ਫ਼ਲਸਫ਼ਿਆਂ ਦੀ ਵੀ ਹੈ।
ਮੈਨੂੰ ਫ਼ਿਕਰ ਲਾਲੋ ਦੇ ਕੋਧਰੇ ਦਾ, ਤੈਨੂੰ ਭਾਗੋ ਦੇ ਪਕਵਾਨ ਦਾ ਏ।
ਇਹ ਬਾਤ ਨਿਰੀ ਏਨੀ ਹੀ ਨਹੀਂ..........

ਆਖੀ ਸੀ ਕਦੇ ਇਕ ਪੁਰਖੇ ਨੇ, ਉਹ ਬਾਤ ਅਜੇ ਤੱਕ ਹੈ ਸੱਜਰੀ।
ਨਹੀਂ ਕੰਮ ਥਕਾਉਂਦਾ ਬੰਦੇ ਨੂੰ, ਬੰਦੇ ਨੂੰ ਥਕਾਉਂਦੀ ਬੇਕਦਰੀ।
ਇਹ ਦੁੱਖ ਓਸੇ ਬੇਕਦਰੀ ਦਾ, ਇਹ ਸੱਲ ਓਸੇ ਅਪਮਾਨ ਦਾ ਏ।
ਇਹ ਬਾਤ ਨਿਰੀ ਏਨੀ ਹੀ ਨਹੀਂ..........

ਖੂਹ ਵਗਦੇ ਵਗਦੇ ਛਪਨ ਹੋਏ, ਹੁਣ ਬਾਤ ਨੇ ਸਦੀਆਂ ਗਈਆਂ ਦੀ।
ਮੈਂ ਜਾਣਦਾਂ ਯੁੱਗ ਬਦਲਦੇ ਨੇ, ਤਿੱਖੀ ਰਫ਼ਤਾਰ ਹੈ ਪਹੀਆਂ ਦੀ।
ਬੰਦੇ ਨੂੰ ਮਿੱਧ ਕੇ ਨਾ ਲੰਘ ਜਾਵਣ, ਇਹ ਫ਼ਰਜ਼ ਵੀ ਨੀਤੀਵਾਨ ਦਾ ਏ।
ਇਹ ਬਾਤ ਨਿਰੀ ਏਨੀ ਹੀ ਨਹੀਂ..........
ਤੇਰੇ ਵੱਡੇ ਵਸਣ ਘਰਾਣੇ ਵੀ, ਸਾਡੇ ਰਹਿਣ ਦੇ ਨਿੱਕੇ ਘਰ ਵਸਦੇ।
ਸਭ ਚੁੱਲ੍ਹਿਆਂ ਵਿਚ ਅੱਗ ਬਲਦੀ ਰਵ੍ਹੇ, ਸਭ ਧੀਆਂ ਪੁੱਤ ਵਸਦੇ ਰਸਦੇ।
ਇਹ ਗੱਲ ਸਭਨਾਂ ਦੇ ਵਸਣ ਦੀ ਹੈ, ਇਹ ਜਸ਼ਨ ਤਾਂ ਵੰਡ ਕੇ ਖਾਣ ਦਾ ਏ।
ਇਹ ਬਾਤ ਨਿਰੀ ਏਨੀ ਹੀ ਨਹੀ, ਨਾ ਮਸਲਾ ਸਿਰਫ਼ ਕਿਸਾਨ ਦਾ ਏ।

❊ ❊ ❊ ❊ ❊

## ਮਨੁੱਖੀ ਕ੍ਰਿਸ਼ਮਾ

### ਦੁਨੀਆਂ ਦੀ ਸਭ ਤੋਂ ਲੰਬੀ ਸੁਰੰਗ-ਅਟੱਲ ਟਨਲ



ਭਾਰਤ ਕੁਦਰਤੀ ਦਾਤਾਂ ਨਾਲ ਮਾਲੋਮਾਲ ਹੈ। ਇਨ੍ਹਾਂ ਕੁਦਰਤੀ ਸੋਮਿਆਂ ਦੀ ਵਿਗਿਆਨਕ ਤਕਨੀਕਾਂ ਨਾਲ ਵਰਤੋਂ ਕਰ ਕੇ ਅਸੀਂ ਦੁਨੀਆਂ ਦੇ ਸਰਵੋਤਮ ਦੇਸ਼ਾਂ ਵਿੱਚ ਸ਼ਾਮਲ ਹੋ ਜਾਣ ਦੀ ਸਮਰੱਥਾ ਰੱਖਦੇ ਹਾਂ। ਇਸ ਪਾਸੇ ਪੁਲਾਂਘ ਪੁੱਟਦਿਆਂ ਹਿਮਾਚਲ ਪ੍ਰਦੇਸ਼ ਵਿੱਚ ਹਿਮਾਲੀਆ ਪਰਬਤ ਦੀ ਪੀਰ ਪੰਜਾਲ ਰੇਂਜ ਵਿੱਚ ਇੱਕ ਅਜਿਹੀ ਸੁਰੰਗ ਹੋਂਦ ਵਿੱਚ ਆਈ ਹੈ ਜੋ 10000 ਫੁੱਟ ਤੋਂ ਵੀ ਵੱਧ ਉਚਾਈ 'ਤੇ ਦੁਨੀਆਂ ਦੀ ਸਭ ਤੋਂ ਲੰਬੀ, 9.02 ਕਿਲੋਮੀਟਰ ਹੈ। ਵਿਸ਼ਵ ਵਿੱਚ ਇਸ ਤੋਂ ਵੱਧ ਉਚਾਈ 'ਤੇ ਸੁਰੰਗਾਂ ਤਾਂ ਹਨ ਪਰ ਲੰਬਾਈ ਪੱਖੋਂ ਇਸ ਤੋਂ ਬਹੁਤ ਛੋਟੀਆਂ ਹਨ। ਇਸ ਸੁਰੰਗ ਦਾ ਨਾਮ ਸਾਬਕਾ ਪ੍ਰਧਾਨ ਮੰਤਰੀ ਸ਼੍ਰੀ ਅਟਲ ਬਿਹਾਰੀ ਵਾਜਪਾਈ ਦੇ ਨਾਮ 'ਤੇ ਰੱਖਿਆ ਗਿਆ ਹੈ ਕਿਉਂਕਿ ਉਨ੍ਹਾਂ ਨੇ ਹੀ ਸੰਨ 2000 ਵਿੱਚ ਇਸ ਦੀ ਉਸਾਰੀ ਦਾ ਫੈਸਲਾ ਕੀਤਾ ਸੀ। ਇਸ ਦਾ ਉਦਘਾਟਨ 28 ਜੂਨ, 2010 ਨੂੰ ਹੋਇਆ ਅਤੇ 3 ਅਕਤੂਬਰ, 2020 ਕਰੀਬ ਦਸ ਸਾਲ ਵਿੱਚ ਲੋਕਾਂ ਲਈ ਖੋਲ੍ਹ ਦਿੱਤੀ ਗਈ ਹੈ।

ਲੇਹ- ਮਨਾਲੀ ਸ਼ਾਹੀ ਮਾਰਗ 'ਤੇ ਬਣੀ 10.5 ਮੀਟਰ ਚੌੜੀ ਤੇ 5.525 ਮੀਟਰ ਉੱਚਾਈ ਵਾਲੀ ਇਸ ਸੁਰੰਗ ਨਾਲ ਲਦਾਖ ਦੇ ਸ਼ਹਿਰ ਲੇਹ ਅਤੇ ਮਨਾਲੀ ਵਿਚਕਾਰ ਫਾਸਲਾ 45 ਕਿਲੋਮੀਟਰ ਤੇ ਸਮਾਂ 4-5 ਘੰਟੇ ਤੱਕ ਘਟ ਗਿਆ ਹੈ। ਇਸ ਰਾਹੀਂ ਹਰ ਰੋਜ਼ 3000 ਕਾਰਾਂ ਤੇ 1500 ਟਰੱਕ 40-80 ਕਿਲੋਮੀਟਰ ਰਫਤਾਰ ਨਾਲ ਚੱਲ ਸਕਦੀਆਂ ਹਨ। ਭਾਰਤੀ ਫੌਜ ਦੀ ਬਾਰਡਰ ਰੋਡਜ਼ ਆਰਗੇਨਾਈਜ਼ੇਸ਼ਨ ਵਲੋਂ 3200 ਕਰੋੜ ਰੁਪਏ ਨਾਲ ਬਣਾਈ ਇਹ ਸੁਰੰਗ ਦੱਖਣ ਵਿੱਚ ਮਨਾਲੀ ਤੋਂ 24.4 ਕਿਲੋਮੀਟਰ ਦੂਰ ਤੋਂ ਸ਼ੁਰੂ ਹੋ ਕੇ ਉੱਤਰ ਵਿੱਚ ਲਾਹੁਲ ਵੈਲੀ ਦੇ ਪਿੰਡ ਤੇਲਿੰਗ ਸਿਸੂ ਤੱਕ ਜਾਂਦੀ ਹੈ। ਇਸ ਸੁਰੰਗ ਵਿੱਚ ਯਾਤਰੂਆਂ ਦੀ ਸੁਰੱਖਿਆ ਲਈ ਪੂਰੇ ਪ੍ਰਬੰਧ ਕੀਤੇ ਗਏ ਹਨ। ਅੱਗ ਲੱਗ ਜਾਣ ਦੀ ਸੂਰਤ ਵਿੱਚ ਬਚਾਅ ਲਈ ਹਰ 500 ਮੀਟਰ ਦੇ ਫਾਸਲੇ 'ਤੇ ਉੱਪਰ ਵੱਲ ਸੁਰੰਗੀ ਰਾਸਤਾ, ਹਰ 150 ਮੀਟਰ ਦੀ ਦੂਰੀ 'ਤੇ ਟੈਲੀਫੋਨ ਸਹੂਲਤ, 60 ਮੀਟਰ ਦੀ ਦੂਰੀ 'ਤੇ ਅੱਗ-ਬੁਝਾਊ ਯੰਤਰ ਲੱਗੇ ਹਨ ਅਤੇ 250-250 ਮੀਟਰ ਦੂਰੀ 'ਤੇ ਸੀਸੀਟੀਵੀ ਕੈਮਰੇ ਹਨ।

ਇਸ ਸੁਰੰਗ ਦੀ ਉਸਾਰੀ ਨਾਲ ਭਾਰਤ ਦੁਨੀਆਂ ਦੇ ਵਿਗਿਆਨਕ ਤਕਨੀਕੀ ਕ੍ਰਿਸ਼ਮਿਆਂ ਦੇ ਨਕਸ਼ੇ 'ਤੇ ਆ ਗਿਆ ਹੈ। ਭਾਰਤੀ ਉਸਾਰੀ ਇੰਜਨੀਅਰ ਤੇ ਕਾਮੇ ਇਸ ਸਫਲਤਾ ਲਈ ਵਧਾਈ ਦੇ ਪਾਤਰ ਹਨ।


ਸ਼ਹੀਦੀ ਮਾਹ ਨੂੰ ਸਮਰਪਿਤ

## ਸਿੱਖਾਂ ਦਾ ਕਰਬਲਾ - ਸਰਹਿੰਦ

ਬੀਰ ਦਵਿੰਦਰ ਸਿੰਘ
ਪਟਿਆਲਾ

ਹਰ ਵਰ੍ਹੇ ਜਦੋਂ ਪੋਹ ਦਾ ਮਹੀਨਾ ਆਉਂਦਾ ਹੈ, ਮਨ ਅਜੀਬ ਜਿਹੀ ਉਦਾਸੀਨਤਾ ਵਿੱਚ ਗਵਾਚ ਜਾਂਦਾ ਹੈ। ਗੁਰੂ ਦਸਮ ਪਾਤਸ਼ਾਹ ਦੇ ਛੋਟੇ ਸਾਹਿਬਜ਼ਾਦਿਆਂ ਨੂੰ, ਜ਼ਿੰਦੇ ਦੀਵਾਰਾਂ ਵਿੱਚ ਚਿਣੇ ਜਾਣ ਦੀ ਕਲਪਣਾ ਕਰਦਿਆਂ ਹੀ ਰੂਹ ਕੰਬ ਉੱਠਦੀ ਹੈ। ਇੱਕ ਭਾਵਮਈ ਵਿਕਰਾਲ ਪੀੜਾ ਦੀ ਕਸਕ, ਕਲੇਜੇ 'ਚ ਧੂਹ ਪਾਵਣ ਲਗਦੀ ਹੈ। ਸੋਚਣ ਲਗ ਪੈਂਦਾ ਹਾਂ ਕਿ ਇਹ ਸਾਰਾ ਕੁੱਝ ਕਿੰਝ ਵਾਪਰਿਆ ਹੋਵੇਗਾ! ਗਿਆਰਾਂ ਪੋਹ( 25 ਦਸੰਬਰ) ਦੀ ਸਰਦ ਰਾਤ, ਆਖਰਾਂ ਦੀ ਠੰਢ ਵਿੱਚ, ਮਾਤਾ ਗੁਜਰੀ ਨੇ ਸਰਹੰਦ ਦੇ ਠੰਢੇ ਬੁਰਜ ਵਿੱਚ, ਆਪਣੇ ਦੋ ਲਾਡਲੇ ਪੋਤਿਆਂ, ਬਾਬਾ ਜ਼ੋਰਾਵਰ ਸਿੰਘ(ਉਮਰ ਨੌ ਸਾਲ) ਅਤੇ ਬਾਬਾ ਫਤਿਹ ਸਿੰਘ( ਉਮਰ ਸੱਤ ਸਾਲ) ਨਾਲ, ਕਿਸੇ ਓਡਨ ਅਤੇ ਬਿਸਤਰੇ ਤੋਂ ਕਿੰਝ ਗੁਜ਼ਾਰੀ ਹੋਵੇਗੀ! ਮਾਸੂਮ ਸਾਹਿਬਜ਼ਾਦਿਆਂ ਦੇ ਅਨੇਕਾਂ ਸਵਾਲਾਂ ਦੇ ਜਵਾਬ ਮਾਤਾ ਗੁਜਰੀ ਨੇ ਕਿੰਝ ਦਿੱਤੇ ਹੋਣਗੇ! ਦੂਸਰੀ ਸਵੇਰ ਸਾਹਿਬਜ਼ਾਦਿਆਂ ਨੂੰ ਸੂਬਾ ਸਰਹੰਦ ਵਜੀਦ ਖਾਂ ਦੀ ਕਚਹਿਰੀ ਵੱਲ ਤੋਰ ਕੇ ਮਾਤਾ ਜੀ 'ਤੇ ਕੀ ਗੁਜ਼ਰੀ ਹੋਵੇਗੀ? ਸੂਬਾ ਸਰਹੰਦ ਵਜੀਦ ਖਾਂ ਵਲੋਂ ਮਾਸੂਮ ਸਾਹਿਬਜ਼ਾਦਿਆਂ ਨੂੰ ਸ਼ਹਾਦਤ ਤੋਂ ਪਹਿਲਾਂ ਦਿੱਤੇ ਅਕਹਿ ਤਸੀਹਿਆਂ ਦਾ ਖ਼ਿਆਲ ਮਨ ਵਿੱਚ ਆਉਂਦਿਆਂ ਹੀ ਹਿਰਦੇ ਨੂੰ ਕੰਬਣੀ ਛਿੜ ਜਾਂਦੀ ਹੈ। ਸਰਹੰਦ ਦੇ ਸ਼ਹੀਦੀ ਸਾਕੇ ਦੀ ਸਿੱਕ ਵਿੱਚ ਗਵਾਚਿਆ ਮੇਰਾ ਜਨੂਨ ਮਨੁੱਖੀ ਇਤਿਹਾਸ ਦੇ ਦਰਦਨਾਕ ਸਾਕਿਆਂ ਦੀ ਫ਼ਹਿਰਿਸ਼ਤ ਵਿੱਚੋਂ ਇਸ ਜਿਹੇ ਹੋਰ ਮੰਜ਼ਰ ਦੀਆਂ ਸਮਾਨਾਂਤਰ ਅਵਸਥਾਵਾਂ ਦੀ ਤਲਾਸ਼ ਵੱਲ ਤੁਰ ਪੈਂਦਾ ਹੈ। ਇਨ੍ਹਾਂ ਵਿੱਚੋਂ ਇਕ ਹੈ 'ਕਰਬਲਾ ਦਾ ਸ਼ਹੀਦੀ ਸਾਕਾ'।

ਇਸਲਾਮ ਦੇ ਪੈਗੰਬਰ ਹਜ਼ਰਤ ਮੁਹੰਮਦ ਸਾਹਿਬ ਦੇ ਨਵਾਸੇ(ਦੋਹਤਰੇ) ਹਜ਼ਰਤ ਇਮਾਮ ਹੁਸੈਨ ਨੂੰ ਉਨ੍ਹਾਂ ਦੇ 72 ਸਾਥੀਆਂ ਸਮੇਤ ਅੱਜ ਤੋਂ ਕੋਈ 1340 ਸਾਲ ਪਹਿਲਾਂ 680 ਈ ਨੂੰ ਇੱਕ ਡੂੰਘੀ ਸਾਜਿਸ਼ ਤਹਿਤ ਯਦੀਦ ਦੇ ਲਸ਼ਕਰ ਨੇ ਇਰਾਕ ਦੇ ਕੂਫ਼ਾ ਸ਼ਹਿਰ ਦੇ ਨਜ਼ਦੀਕ ਦਰਿਆ ਫ਼ਰਾਤ ਦੇ ਕਿਨਾਰੇ, **ਕਰਬਲਾ ਦੇ ਮੈਦਾਨ** ਵਿੱਚ ਤਿੰਨ ਦਿਨ ਪਿਆਸਾ ਰੱਖ ਕੇ ਸ਼ਹੀਦ ਕਰ ਦਿੱਤਾ ਗਿਆ ਸੀ। ਇਨ੍ਹਾਂ ਸ਼ਹੀਦਾਂ ਵਿੱਚ ਹਜ਼ਰਤ ਇਮਾਮ ਹੁਸੈਨ ਦੇ ਪਰਿਵਾਰ ਦੇ 18 ਮੈਂਬਰ ਸਨ ਜਿਨ੍ਹਾਂ ਵਿੱਚ ਉਸ ਦੇ ਦੋ ਬੇਟੇ, ਅਲੀ ਅਕਬਰ( ਉਮਰ 18 ਸਾਲ), ਅਲੀ ਅਸਗਰ( ਉਮਰ 6 ਮਹੀਨੇ) ਅਤੇ ਦੋ ਭਾਣਜੇ, ਔਨ (ਉਮਰ 9 ਸਾਲ) ਤੇ ਮੁਹੰਮਦ( ਉਮਰ 10 ਸਾਲ) ਸ਼ਾਮਿਲ ਸਨ। ਇਨ੍ਹਾਂ ਦੀ ਸ਼ਹਾਦਤ ਨੂੰ ਖ਼ਿਰਾਜ਼-ਏ-ਅਕੀਦਤ ਪੇਸ਼ ਕਰਨ ਲਈ ਸ਼ੀਆ ਮੁਸਲਮਾਨਾਂ ਵਲੋਂ ਹਰ ਸਾਲ ਦਸ ਮੁਹੱਰਮ ਨੂੰ ਤਾਅਜ਼ੀਆ ਕੱਢਿਆ ਜਾਂਦਾ ਹੈ। ਮੁਹੱਰਮ ਇਸਲਾਮੀ ਕੈਲੰਡਰ ਦਾ ਪਹਿਲਾ ਮਹੀਨਾ ਹੈ। ਇਸਲਾਮ ਦੇ ਪੈਰੋਕਾਰ ਮੁਹੱਰਮ ਦੇ ਮਹੀਨੇ ਨੂੰ ਇਸਲਾਮ ਦੇ ਇਤਿਹਾਸ ਵਿੱਚ ਨਹਾਇਤ ਅਫ਼ਸੋਸਨਾਕ ਸਮਾਂ ਮੰਨਦੇ ਹਨ। ਏਥੋਂ ਤੱਕ ਕਿ ਮੁਹੱਰਮ ਦਾ ਚੰਨ ਚੜ੍ਹਨ ਸਮੇਂ ਸ਼ੀਆ ਫਿਰਕੇ ਨਾਲ ਤੁਅੱਲਕ ਰੱਖਣ ਵਾਲੀਆਂ ਔਰਤਾਂ ਆਪਣੀਆਂ ਚੂੜੀਆਂ ਤੱਕ ਤੋੜ ਦਿੰਦੀਆਂ ਹਨ ਅਤੇ ਚਾਲੀ ਦਿਨ ਤੱਕ ਕੋਈ ਵੀ ਹਾਰ-ਸ਼ਿਗਾਰ ਨਹੀਂ ਕਰਦੀਆਂ, ਸੋਗ ਵਜੋਂ ਪੁਸ਼ਾਕ ਵੀ ਸਿਆਹ ਰੰਗ ਦੀ ਹੀ ਪਹਿਨਦੀਆਂ ਹਨ। ਇਨ੍ਹਾਂ ਦਿਨਾਂ ਦੌਰਾਨ ਕੋਈ ਖੁਸ਼ੀ ਨਹੀਂ ਮਨਾਈ ਜਾਂਦੀ। ਖਾਣ ਲਈ ਕੇਵਲ ਸਾਦਾ ਖਾਣਾ ਤਿਆਰ ਕੀਤਾ ਜਾਂਦਾ ਹੈ ਜੋ ਕੇਵਲ ਜਿਉਣ ਲਈ ਲੋੜੀਂਦਾ ਹੈ। ਮੁਹੱਰਮ ਦਾ ਸਮਾਂ ਗਮ-ਏ-ਹੁਸੈਨ ਦੇ ਤੌਰ 'ਤੇ ਅੰਤਾਂ ਦੀ ਉਦਾਸੀ ਅਤੇ ਹਲੀਮੀ ਵਿੱਚ ਰਹਿ ਕੇ ਗੁਜ਼ਾਰਿਆ ਜਾਂਦਾ ਹੈ। ਸ਼ੀਆਂ ਮੱਤ ਨੂੰ ਮੰਨਣ ਵਾਲੇ



ਮੁਸਲਮਾਨ ਮਰਦ ਤਾਂ ਤਾਅਜ਼ੀਅਤ ਕੱਢਣ ਵਕਤ ਆਪਣੀਆਂ ਛਾਤੀਆਂ ਪਿੱਟ-ਪਿੱਟ ਕੇ ਯਾ-ਹੁਸੈਨ ਯਾ-ਹੁਸੈਨ ਪੁਕਾਰਦੇ ਲਹੂ-ਲੁਹਾਨ ਹੋ ਜਾਂਦੇ ਹਨ। ਉਨ੍ਹਾਂ ਦਾ ਮੰਨਣਾ ਹੈ ਕਿ ਇੰਝ ਕਰਨ ਨਾਲ ਉਹ ਇਨ੍ਹਾਂ ਸ਼ਹੀਦਾਂ ਨੂੰ ਲਹੂ ਦਾ ਨਜ਼ਰਾਨਾ ਭੇਂਟ ਕਰਦੇ ਹਨ।

ਆਓ ਹੁਣ ਸਰਬੰਸਦਾਨੀ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਦੋ ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜ਼ਰੀ ਜੀ ਦੀ ਸ਼ਹਾਦਤ ਦੀ ਗੱਲ ਕਰੀਏ। ਕੁੱਝ ਇਤਿਹਾਸਕਾਰਾਂ ਦਾ ਮੰਨਣਾ ਹੈ ਕਿ ਜਦੋਂ ਦੀਵਾਰ ਉਸਾਰੇ ਜਾਣ ਤੋਂ ਬਾਅਦ ਵਾਰ ਵਾਰ ਡਿਗ ਜਾਂਦੀ ਰਹੀ ਤਾਂ ਮਾਸੂਮ ਸਾਹਿਬਜ਼ਾਦਿਆਂ 'ਤੇ ਤਲਵਾਰ ਦਾ ਵਾਰ ਕਰ ਕੇ ਉਨ੍ਹਾਂ ਦੇ ਸੀਸ ਧੜ ਨਾਲੋਂ ਜੁਦਾ ਕਰ ਕੇ ਸ਼ਹੀਦ ਕੀਤਾ ਗਿਆ। ਇਸ ਦਿਲ-ਕੰਬਾਊ ਘਟਨਾ ਨੂੰ ਭਾਈ ਕੇਸਰ ਸਿੰਘ ਛਿੱਬਰ ਨੇ ਬਿਆਨ ਕਰਦਿਆਂ ਲਿਖਿਆ ਕਿ ਛੋਟੇ ਸਾਹਿਬਜ਼ਾਦੇ ਬਾਬਾ ਫਤਿਹ ਸਿੰਘ ਸੀਸ ਕੱਟ ਦਿੱਤੇ ਜਾਣ ਤੋਂ ਬਾਅਦ ਵੀ ਅੱਧੀ ਘੜੀ ਭਾਵ 12-13 ਮਿੰਟ ਤੱਕ ਤੜਪ-ਤੜਪ ਕੇ ਪੈਰ ਮਾਰਦੇ ਰਹੇ। ਉਸੇ ਦਿਨ ਮਾਤਾ ਗੁਜ਼ਰੀ ਜੀ ਨੂੰ ਸਰਹੰਦ ਦੇ ਠੰਢੇ ਬੁਰਜ ਵਿੱਚ ਛੋਟੇ ਸਾਹਿਬਜ਼ਾਦਿਆਂ ਨੂੰ ਤਸੀਹੇ ਦੇ ਕੇ ਸ਼ਹੀਦ ਕਰਨ ਦੀ ਖ਼ਬਰ ਮਿਲੀ ਤਾਂ ਮਾਤਾ ਜੀ ਵੀ ਆਪਣਾ ਪੰਜ ਭੂਤਕ ਸਰੀਰ ਤਿਆਗ ਕੇ ਜੋਤੀ ਜੋਤ ਸਮਾ ਗਏ।

ਮਨੁੱਖਤਾ ਦੇ ਇਤਿਹਾਸ ਵਿੱਚ ਇਸ ਅਦੁੱਤੀ ਸ਼ਹਾਦਤ ਜਿਹਾ ਭਿਆਨਕ ਅਤੇ ਦਰਦਨਾਕ ਮੰਜ਼ਰ ਹੋਰ ਕਿੱਧਰੇ ਵੀ ਦਿਖਾਈ ਨਹੀਂ ਦਿੰਦਾ। ਇਨ੍ਹਾਂ ਸ਼ਹਾਦਤਾਂ ਨੂੰ ਹਾਲੇ ਕੇਵਲ 316 ਵਰ੍ਹੇ ਹੋਏ ਹਨ। ਕੌਮਾਂ ਦੀ ਤਵਾਰੀਖ ਵਿੱਚ ਇਹ ਅਵਧੀ ਕੋਈ ਏਨੀ ਵੀ ਜ਼ਿਆਦਾ ਨਹੀਂ ਕਿ ਸਿੱਖ ਕੌਮ ਦੇ ਚੇਤਿਆਂ ਵਿੱਚੋਂ ਇਨ੍ਹਾਂ ਸਾਹਿਬਜ਼ਾਦਿਆਂ ਵਰਗੇ ਸ਼ਹੀਦਾਂ ਦੀ ਸ਼ਹੀਦੀ ਦਾ ਦਰਦ ਮਨਫ਼ੀ ਹੋ ਜਾਵੇ। ਇਸਲਾਮ ਦੇ ਪੈਰੋਕਾਰਾਂ ਨੂੰ 1340 ਸਾਲ ਬਾਅਦ ਵੀ 'ਕਰਬਲਾ' ਦਾ ਕਹਿਰ ਯਾਦ ਹੈ, ਮੁਹੱਰਮ ਦੇ ਮੌਕੇ ਹਰ ਮੁਸਲਮਾਨ ਆਪਣੇ ਆਪ ਨੂੰ ਕਰਬਲਾ ਦੀ ਪੀੜ ਵਿੱਚ ਗੁੰਮ ਕਰ ਲੈਂਦਾ ਹੈ ਅਤੇ ਆਪਣੇ ਪੈਗੰਬਰ ਦੀ ਵੇਦਨਾ ਨਾਲ ਇਕਸੁਰ ਹੋ ਜਾਂਦਾ ਹੈ। ਸਿੱਖ ਕੌਮ ਏਨੇ ਥੋੜ੍ਹੇ ਸਮੇਂ ਅੰਦਰ ਹੀ ਨੀਹਾਂ ਵਿੱਚ ਚਿਣ ਕੇ ਸ਼ਹੀਦ ਹੋਏ ਸਾਹਿਬਜ਼ਾਦਿਆਂ ਦੀ ਸ਼ਹੀਦੀ ਨੂੰ ਭੁੱਲ ਗਈ ਹੈ। ਸਿੱਖ ਤਾਂ ਹੁਣ ਸਾਹਿਬਜ਼ਾਦਿਆਂ ਦੀ ਸ਼ਹੀਦੀ ਵਾਲੇ ਦਿਨ ਵਿਆਹ ਸ਼ਾਦੀਆਂ ਵੀ ਰਚਾਉਣ ਲੱਗ ਪਏ ਹਨ। ਇੱਕ ਪਾਸੇ ਨੀਹਾਂ ਵਿੱਚ ਚਿਣੇ ਜਾਣ ਦਾ ਸਮਾਂ ਆਉਂਦਾ ਹੈ ਦੂਸਰੇ ਪਾਸੇ ਬੈਂਡ-ਵਾਜੇ ਵੱਜਦੇ ਹਨ, ਬਰਾਤਾਂ ਢੁਕਦੀਆਂ ਤੇ ਸ਼ਹਿਨਾਈਆਂ ਦੀ ਗੂੰਜ ਵਿੱਚ ਕੁੜਮ ਮਿਲਣੀਆਂ ਕਰਦੇ ਹਨ, ਬਰਾਤੀ ਸ਼ਰਾਬਾਂ ਪੀ ਕੇ ਭੰਗੜੇ ਪਾਉਂਦੇ ਹਨ ਤੇ ਖਰਮਸਤੀਆਂ ਕਰਦੇ ਹਨ।

ਸ਼ਹੀਦਾਂ ਨੂੰ ਇੱਕ ਖ਼ਸੂਸਨ ਅਦਬ ਨਾਲ ਯਾਦ ਕਰਨਾ ਹੀ ਆਪਣੇ ਅਕੀਦੇ ਪ੍ਰਤੀ ਸੱਚੀ ਵਫ਼ਾਦਾਰੀ ਹੁੰਦੀ ਹੈ। ਸ਼ਹੀਦ ਕਦੇ ਮਰਦੇ ਨਹੀਂ, ਮੌਤ ਤਾਂ ਜ਼ੁਲਮ ਦੀ ਹੁੰਦੀ ਹੈ। ਸ਼ਹਾਦਤ ਦੇ ਸੱਚ ਤਾਂ ਸਦਾ ਸੱਜਰੇ, ਜਗਦੇ ਅਤੇ ਮਘਦੇ ਰਹਿੰਦੇ ਹਨ। ਸ਼ਹੀਦਾਂ ਦੇ ਲਹੂ ਨਾਲ ਲਿਖੀਆਂ ਇਬਾਰਤਾਂ ਨਾ ਤਾਂ ਕਦੇ ਮਿਟਦੀਆਂ ਹਨ ਤੇ ਨਾ ਹੀ ਮੱਧਮ ਪੈਂਦੀਆਂ ਹਨ, ਮਹਿਸੂਸ ਕਰਨ ਵਾਲਿਆਂ ਲਈ ਸ਼ਹੀਦੀਆਂ ਦੀ ਵੇਦਨਾ ਉਨ੍ਹਾਂ ਦੇ ਜਜ਼ਬਾਤਾਂ ਅੰਦਰ ਸਦਾ ਸਲਾਮਤ ਰਹਿੰਦੀ ਹੈ। ਕਮਜ਼ੋਰ ਤੇ ਬੁਜ਼ਦਿਲ ਮਨਾਂ ਦੇ ਅਕੀਦੇ ਸਮੇਂ ਦੀ ਗਰਦਿਸ ਨਾਲ ਕਮਜ਼ੋਰ ਪੈ ਜਾਂਦੇ ਹਨ, ਸਮਾਂ ਪਾ ਕੇ ਉਨ੍ਹਾਂ ਦੇ ਮਨਾਂ ਅੰਦਰ ਆਪਣੇ ਸਿਦਕ ਪ੍ਰਤੀ ਵਫ਼ਾ ਪਾਲਣ ਦੀ ਸਿੱਕ ਅਤੇ ਸਮਰੱਥਾ ਹੀ ਮਰ ਜਾਂਦੀ ਹੈ। ਅਜਿਹੇ ਸਿਦਕਹੀਣ ਬੰਦੇ ਤਾਂ ਧਰਤੀ 'ਤੇ ਬੋਝ ਹੀ ਹੁੰਦੇ ਹਨ। ਜਿਨ੍ਹਾਂ ਘਰਾਂ ਵਿੱਚ ਸ਼ਹੀਦਾਂ ਪ੍ਰਤੀ ਈਮਾਨ ਅਤੇ ਸਿਦਕ ਪਰਤੀ ਵਫ਼ਾ ਦੀ ਸ਼ਮ੍ਹਾਂ ਨਹੀਂ ਜਗਦੀ ਉਹ ਘਰ ਸਰਾਪੇ ਹੋਏ ਵੀਰਾਨ ਖੰਡਰਾਂ ਦੀ ਨਿਆਈਂ ਹੁੰਦੇ ਹਨ।

ਅੱਜ ਸਮੁੱਚੀ ਸਿੱਖ ਕੌਮ ਲਈ ਆਪਣੇ ਸਵੈਅੰਦਰ ਝਾਤੀ ਮਾਰ ਕੇ ਗੰਭੀਰ ਸਮੀਖਿਆ ਕਰਨ ਦਾ ਸਮਾਂ ਹੈ। ਆਓ ਸਾਰੇ ਪ੍ਰਣ ਕਰੀਏ ਕਿ 26 ਦਸੰਬਰ ਨੂੰ ਸਵੇਰ ਦੇ ਠੀਕ 10 ਵਜੇ ਤੋਂ 11 ਵਜੇ ਤੱਕ ਇੱਕ ਘੰਟਾ ਹਰ ਸਿੱਖ ਭਾਵੇਂ ਉਹ ਦੁਨੀਆਂ ਦੇ ਕਿਸੇ ਵੀ ਕੋਨੇ ਵਿੱਚ ਕਿਉਂ ਨਾ ਹੋਵੇ ਤੇ ਕਿਸੇ ਵੀ ਵਰਤਾਰੇ ਵਿੱਚ ਮਸਰੂਫ਼ ਕਿਉਂ ਨਾ ਹੋਵੇ, ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦੀ ਯਾਦ ਵਿੱਚ ਜੁੜ ਕੇ 'ਸਤਿਨਾਮ ਵਾਹਿਗੁਰੂ' ਦਾ ਜਾਪ ਕਰੇ। ਸਰਹਿੰਦ, ਸਿੱਖਾਂ ਲਈ ਕਰਬਲਾ ਦਾ ਮੈਦਾਨ ਹੈ।

❉ ❉ ❉ ❉ ❉


## ਸ਼ਰਧਾਂਜਲੀਆਂ

### ਸਰਬਾਂਗੀ ਲੇਖਕ ਡਾ. ਕੁਲਦੀਪ ਸਿੰਘ ਧੀਰ ਦਾ ਵਿਛੋੜਾ

• ਆਧੁਨਿਕ ਵਿਗਿਆਨ ਦੀਆਂ ਜਟਿਲਤਾਵਾਂ ਤੇ ਬਾਰੀਕੀਆਂ ਨੂੰ ਸਰਲ ਤੇ ਸਪਸ਼ਟ ਭਾਸ਼ਾ ਵਿੱਚ ਪ੍ਰਗਟ ਕਰਨ ਦਾ ਮਾਹਰ ਲੇਖਕ ਡਾ. ਕੁਲਦੀਪ ਸਿੰਘ ਧੀਰ 23 ਅਕਤੂਬਰ, 2020 ਨੂੰ 77 ਸਾਲ ਦੀ ਉਮਰ ਵਿੱਚ ਆਪਣੇ ਨਿਵਾਸ ਸਥਾਨ ਪਟਿਆਲਾ ਵਿਖੇ ਇਸ ਭੌਤਿਕ ਸੰਸਾਰ ਨੂੰ ਤਿਲਾਂਜਲੀ ਦੇ ਗਏ ਹਨ। ਸ. ਪ੍ਰੇਮ ਸਿੰਘ ਦੇ ਘਰ ਜਨਮੇ ਕੁਲਦੀਪ ਸਿੰਘ ਨੇ ਥਾਪਰ ਇੰਸਟੀਚਿਊਟ ਆਫ ਇੰਜਨੀਅਰਿੰਗ ਤੋਂ ਗ੍ਰੈਜੂਏਸ਼ਨ ਕਰਨ ਉਪਰੰਤ ਕੁੱਝ ਸਮਾਂ ਰਾਜਸਥਾਨ ਵਿੱਚ ਇੰਜਨੀਅਰ ਵਜੋਂ ਕਾਰਜ ਕੀਤਾ ਪਰ ਰੁਚੀ ਦੀ ਘਾਟ ਕਾਰਨ ਨੌਕਰੀ ਛੱਡ ਦਿੱਤੀ ਅਤੇ ਪੰਜਾਬੀ ਯੂਨੀਵਰਸਿਟੀ ਵਿੱਚ ਟੈਕਨੀਕਲ ਸਹਾਇਕ ਦੇ ਤੌਰ 'ਤੇ ਕੰਮ ਕਰਨਾ ਸ਼ੁਰੂ ਕੀਤਾ। ਉਨ੍ਹਾਂ ਨੇ ਇਸ ਦੌਰਾਨ ਹੀ ਪੰਜਾਬੀ ਵਿਸ਼ੇ ਵਿੱਚ ਐਮ.ਏ ਤੇ ਫਿਰ ਪੀ.ਐਚ.ਡੀ ਕਰ ਲਈ। ਪੰਜਾਬੀ ਵਿਭਾਗ ਵਿੱਚ ਪਹਿਲਾਂ ਲੈਕਚਰਾਰ, ਵਿਭਾਗੀ ਮੁਖੀ ਤੇ ਫਿਰ ਤਰੱਕੀ ਕਰ ਕੇ ਡੀਨ ਭਾਸ਼ਾਵਾਂ ਅਤੇ ਡੀਨ ਅਕਾਦਮਿਕ ਅਫੇਅਰਜ਼ ਬਣ ਗਏ। ਆਪ ਨੇ ਧਰਮ, ਇਤਿਹਾਸ, ਕਲਮੀ ਚਿੱਤਰ, ਸਾਹਿਤਕ ਨਿਰਖ-ਪਰਖ, ਵਿਗਿਆਨ ਤੇ ਤਕਨਾਲੌਜੀ ਦੀਆਂ 70 ਤੋਂ ਵੱਧ ਪੁਸਤਕਾਂ ਲਿਖੀਆਂ। ਉਹ ਸ਼ਬਦਾਂ ਦੇ ਪਰਤੱਖ ਹੀ ਨਹੀਂ ਗੁੱਝੇ ਅਰਥ ਵੀ ਹੰਘਾਲ ਕੇ ਪਾਠਕ ਸਾਹਮਣੇ ਪੇਸ਼ ਕਰਨ ਦੇ ਮਾਹਰ ਸਨ। ਉਨ੍ਹਾਂ ਦੀਆਂ ਕਲਮੀ ਘਾਲਣਾਵਾਂ ਸਦਕਾ ਪੰਜਾਬ ਸਰਕਾਰ ਨੇ ਉਨ੍ਹਾਂ ਨੂੰ ਸ਼੍ਰੋਮਣੀ ਪੰਜਾਬੀ ਲੇਖਕ ਸਨਮਾਨ ਤੇ ਪੰਜਾਬ ਸਾਹਿਤ ਅਕੈਡਮੀ ਨੇ ਕਰਤਾਰ ਸਿੰਘ ਧਾਲੀਵਾਲ ਪੁਰਸਕਾਰਾਂ ਨਾਲ ਨਿਵਾਜਿਆ। ਵਿਗਿਆਨ ਦੇ ਗਿਆਨ ਨੂੰ ਆਮ ਲੋਕਾਂ ਤੱਕ ਪੁੱਜਦਾ ਕਰਨ ਦੇ ਉੱਦਮ ਸਦਕਾ ਪੰਜਾਬ ਵਿਗਿਆਨ ਕਾਂਗਰਸ ਨੇ ਉਨ੍ਹਾਂ ਨੂੰ ਡਾ. ਮਹਿੰਦਰ ਸਿੰਘ ਰੰਧਾਵਾ ਪੁਰਸਕਾਰ ਨਾਲ ਸਨਮਾਨਿਤ ਕੀਤਾ। ਅਨੇਕ ਵਿਸ਼ਿਆਂ ਦੀ ਜਾਣਕਾਰੀ ਦੇ ਭੰਡਾਰ, ਅਣਥੱਕ ਕਲਮਕਾਰ ਤੇ ਸੁਹਿਰਦ ਬੁੱਧੀਜੀਵੀ ਦੇ ਦੁਨੀਆਂ ਤੋਂ ਜਾਣ ਨਾਲ ਸਮਾਜ ਨੂੰ ਨਾਪੂਰਨਯੋਗ ਘਾਟਾ ਪਿਆ ਹੈ।



• ਸ਼੍ਰੀਮਤੀ ਕੌਸ਼ਲਯਾ ਦੇਵੀ ਪਤਨੀ ਸਵ: ਰਮੇਸ਼ ਜੋਸ਼ੀ ਵਾਸੀ ਉੱਚਾ ਖੇੜਾ ਰੂਪਨਗਰ ਜੋ ਕਿ ਮਿਤੀ 20 ਨਵੰਬਰ 2020 ਨੂੰ ਵਿਛੋੜਾ ਦੇ ਗਏ ਹਨ। ਆਪ ਸੈਣੀ ਭਵਨ ਰੂਪਨਗਰ ਦੇ ਸੁਹਿਰਦ ਸਲਾਹਕਾਰ ਅਤੇ ਮੱਦਦਗਾਰ ਸਨ। ਸੈਣੀ ਭਵਨ ਦੇ ਪ੍ਰਬੰਧਕ ਆਪ ਨੂੰ ਸ਼ਰਧਾਂਜਲੀ ਭੇਂਟ ਕਰਦੇ ਹਨ।



ਬੱਚਿਆਂ ਲਈ ਕਹਾਣੀ

# ਰਾਜਨੀਤੀ

ਚਰਨਜੀਤ ਸਿੰਘ ਕਤਰਾ
ਸਹੌੜਾਂ



ਮੁਹੱਲੇ ਵਿੱਚ ਚੂਹਿਆਂ ਨੇ ਇਕੱਠ ਕੀਤਾ ਹੋਇਆ ਸੀ। ਬਿਰਧ ਤੇ ਜਵਾਨ ਚੂਹੇ ਚੂਹੀਆਂ ਕੋਈ ਆਪਸ ਵਿੱਚ ਸਲਾਹ ਮਸ਼ਵਰਾ ਕਰ ਰਹੇ ਸਨ। ਅਸਲ ਵਿੱਚ ਉਹ ਸਾਰੇ ਇੱਕ ਚਲਾਕ ਬਿੱਲੀ ਤੋਂ ਪ੍ਰੇਸ਼ਾਨ ਤੇ ਦੁਖੀ ਸਨ, ਕਿਉਂਕਿ ਉਹ ਬੜੀ ਹੀ ਚਲਾਕੀ ਨਾਲ ਇਨ੍ਹਾਂ ਦਾ ਸ਼ਿਕਾਰ ਕਰ ਰਹੀ ਸੀ। ਉਂਝ ਉੱਪਰੋਂ ਉਪਰੋਂ ਬਿੱਲੀ ਇਨ੍ਹਾਂ ਨੂੰ ਪਿਆਰ ਕਰ ਕਰ ਦਿਖਾਉਂਦੀ ਸੀ, ਇਨ੍ਹਾਂ ਮੌਤਾਂ 'ਤੇ ਦੁੱਖ ਜ਼ਾਹਰ ਕਰਦੀ ਤੇ ਇਹ ਵੀ ਕਹਿੰਦੀ ਕਿ ਮੈਨੂੰ ਉਹ ਬਿੱਲੀ ਮਿਲ ਜਾਵੇ ਇੱਕ ਵਾਰ ਜੋ ਤੁਹਾਨੂੰ ਪ੍ਰੇਸ਼ਾਨ ਕਰਦੀ ਹੈ ਮੈਂ ਪਾੜ ਕੇ ਖਾ ਜਾਵਾਂ ਉਸ ਨੂੰ। ਉਹ ਹਰ ਵਾਰ ਵਿਸ਼ਵਾਸ ਦਿਵਾਉਂਦੀ ਕਿ ਮੈਂ ਇੱਕ ਦਿਨ ਉਸ ਨੂੰ ਮਾਰ ਕੇ ਛੱਡੂੰ, ਤੁਸੀਂ ਫਿਕਰ ਨਾ ਕਰੋ ਮੇਰੇ ਹੁੰਦਿਆਂ। ਪਹਿਲਾਂ ਪਹਿਲ ਚੂਹੇ ਬਿੱਲੀ 'ਤੇ ਵਿਸ਼ਵਾਸ ਕਰਦੇ ਰਹੇ ਪਰ ਫਿਰ ਇਨ੍ਹਾਂ ਨੂੰ ਇਸ 'ਤੇ ਸ਼ੱਕ ਹੋਣ ਲਗ ਪਿਆ।, ਕਿਉਂਕਿ ਹੋਰ ਬਿੱਲੀ ਕਦੇ ਕਿਸੇ ਨੇ ਦੇਖੀ ਹੀ ਨਹੀਂ ਸੀ। ਸੋ ਇਸ ਬਿੱਲੀ ਤੋਂ ਬਚਣ ਲਈ ਆਪਸ ਵਿੱਚ ਸਲਾਹਾਂ ਕਰ ਰਹੇ ਸਨ, ਚੂਹੇ।

ਇੱਕਠ ਵਿੱਚ ਕੋਈ ਕੁੱਝ ਬੋਲਦਾ , ਕੋਈ ਕੁੱਝ। ਕੋਈ ਕਹਿੰਦਾ, ਚੌਕੀਦਾਰ ਰੱਖੋ ਜਾਂ ਮਿਲ ਕੇ ਆਪ ਚੌਕੀਦਾਰਾ ਕਰੋ। ਕੋਈ ਕਹਿੰਦਾ, ਕਿਸੇ ਕੁੱਤੇ ਭਾਈ ਦੀ ਸਹਾਇਤਾ ਲਵੋ। ਕਿਸੇ 'ਤੇ ਸਹਿਮਤੀ ਨਾ ਹੋਣ ਕਾਰਨ ਬਸ ਗੱਲ ਕਿਸੇ ਸਿਰੇ ਨਹੀਂ ਸੀ ਲੱਗ ਰਹੀ। ਵਿੱਚੋਂ ਹੀ ਇੱਕ ਪਿੱਛੇ ਬੈਠੇ ਚੂਹੇ ਨੇ ਕਿਹਾ ਕਿ ਬਿੱਲੀ ਦੇ ਗਲ਼ ਵਿੱਚ ਟੱਲੀ ਪਾ ਦਿਉ, ਉਹ ਜਦੋਂ ਆਊ, ਆਪਾਂ ਸਾਰੇ ਛੁਪ ਜਾਇਆ ਕਰਾਂਗੇ। ਇ ਸੁਣ ਕੇ ਸਾਰੇ ਹੱਸ ਪਏ। ਇੱਕ ਬਜ਼ੁਰਗ ਕਹਿਣ ਲੱਗਾ ਕਿ ਸਾਡੇ ਵਡੇਰਿਆਂ ਵਿੱਚੋਂ ਵੀ ਕਿਸੇ ਬਜ਼ੁਰਗ ਨੇ ਇਹ ਗੱਲ ਕਹੀ ਸੀ, ਜਦੋਂ ਉਹ ਕਿਸੇ ਬਿੱਲੀ ਤੋਂ ਦੁਖੀ ਹੋਏ ਸਨ। ਉਦੋਂ ਵੀ ਕੋਈ ਹਿੰਮਤ ਕਰ ਕੇ ਬਿੱਲੀ ਦੇ ਗਲ਼ 'ਚ ਟੱਲੀ ਬੰਨ੍ਹਣ ਲਈ ਤਿਆਰ ਨਹੀਂ ਸੀ ਹੋਇਆ। ਭਾਈ, ਹੁਣ ਜੇ ਤੇਰੇ 'ਚ ਹਿੰਮਤ ਹੈ ਤਾਂ ਤੂੰ ਹੀ ਬੰਨ੍ਹ ਟੱਲੀ, ਤੇਰਾ ਨਾਮ ਸਾਡੇ ਇਤਿਹਾਸ ਵਿੱਚ ਸੁਨਹਿਰੇ ਅੱਖਰਾਂ ਵਿੱਚ ਲਿਖਿਆ ਜਾਊ'।

ਐਨੇ ਨੂੰ ਰਾਜਨੀਤੀ ਦੇ ਦਾਉਪੇਚਾਂ ਵਿੱਚ ਹੰਢਿਆ ਇੱਕ ਜਵਾਨ ਚੂਹਾ ਉੱਠ ਕੇ ਬੋਲਿਆ, " ਦੇਖੋ, ਸੁਝਾਓ ਤਾਂ ਇਸ ਦਾ ਠੀਕ ਹੈ, ਗੌਰ ਕੀਤੀ ਜਾ ਸਕਦੀ ਹੈ। ਮੇਰੇ ਦਿਮਾਗ ਵਿੱਚ ਇੱਕ ਸਕੀਮ ਹੈ, ਜੇ ਮੇਰਾ ਸਾਥ ਦਿਉਂ ਤਾਂ ਮੈਂ ਅੱਗੇ ਸੋਚਾਂ ਤੇ ਮੇਰੇ ਨਾਲ ਤਕੜੇ, ਜਵਾਨ ਤੇ ਫੁਰਤੀਲੇ ਚਾਰ ਪੰਜ ਚੂਹੇ ਚਾਹੀਦੇ ਹਨ ਜੋ ਕਿਸੇ ਵੀ ਹਾਲਤ ਦਾ ਸਾਹਮਣਾ ਕਰ ਸਕਣ"। ਸਾਰਿਆਂ ਦੇ ਕਹੇ 'ਤੇ ਜਦੋਂ ਉਸ ਨੇ ਸਕੀਮ ਦੱਸੀ ਤਾਂ ਚਾਰੇ ਪਾਸੇ ਚੁੱਪ ਛਾ ਗਈ। ਸਾਰੇ ਸੋਚਦੇ ਕਿ ਇਹ ਤਾਂ ਪਾਗਲ ਹੈ, ਹੋਰਾਂ ਨੂੰ ਵੀ ਮੌਤ ਦੇ ਮੂੰਹ 'ਚ ਲੈ ਚੱਲਿਆ। ਕਈ ਤਾਂ ਉੱਠਣ ਲਈ ਤਿਆਰ ਹੋਣ ਲੱਗ ਪਏ। ਐਨੇ ਨੂੰ ਪੰਜ ਸਾਹਸੀ ਜਵਾਨ ਚੂਹੇ ਖੜ੍ਹੇ ਹੋ ਗਏ ਕਿ ਉਹ ਇਹ ਕੰਮ ਕਰਨ ਲਈ ਤਿਆਰ ਹਨ। ਉਨ੍ਹਾਂ ਦਾ ਕਹਿਣਾ ਸੀ ਕਿ ਸਾਨੂੰ ਕੋਸ਼ਿਸ਼ ਕਰਨੀ ਚਾਹੀਦੀ ਹੈ। ਵੈਸੇ ਵੀ ਸਾਨੂੰ ਉਹ ਇਕੱਲੇ ਇਕੱਲੇ ਨੂੰ ਮਾਰ ਰਹੀ ਹੈ। ਜੇਕਰ ਚੰਗੇ ਕੰਮ ਲਈ ਅਸੀਂ ਕੁਰਬਾਨ ਵੀ ਹੋ ਗਏ ਤਾਂ ਸਾਨੂੰ ਕੋਈ ਦੁੱਖ ਨਹੀਂ ਹੋਵੇਗਾ।

ਸਕੀਮ ਮੁਤਾਬਕ ਉਹ ਜਵਾਨ ਚੂਹੇ ਸਵੇਰੇ ਜਲਦੀ ਹੀ ਜਾਣ ਨੂੰ ਤਿਆਰ ਹੋ ਗਏ। ਸਕੀਮੀ ਚੂਹੇ ਨੇ ਸਭ ਨੂੰ ਸਾਰੀ ਸਕਮਿ ਸਮਝਾ ਦਿੱਤੀ। ਉਨ੍ਹਾਂ ਨੇ ਫੁੱਲਾਂ ਦੇ ਹਾਰ 'ਤੇ ਇੱਕ ਟੱਲੀ ਬੰਨ੍ਹੀ ਅਤੇ ਉਸ ਨੂੰ ਲੈ ਤੁਰੇ। " ਬਿੱਲੀ ਮਾਸੀ ਜੀ!" ਇੱਕ ਚੂਹੇ ਨੇ ਬਿੱਲੀ ਦੇ ਘਰ ਸਾਹਮਣੇ ਆਵਾਜ਼ ਮਾਰੀ। ਬਿੱਲੀ ਵਲੋਂ ਆਵਾਜ਼ ਨਾ ਆਉਣ 'ਤੇ ਲਗਾਤਾਰ ਕਈ ਆਵਾਜ਼ਾਂ ਮਾਰੀਆਂ।

ਓਧਰ ਬਿੱਲੀ ਸੁਸਤ ਜਿਹੀ ਹੋਈ ਅਜੇ ਪਈ ਹੀ ਸੀ ਤੇ ਆਵਾਜ਼ਾਂ ਸੁਣ ਗੁੱਸੇ ਵਿੱਚ ਇਕ ਦਮ ਉੱਠੀ ਤੇ ਬਾਹਰ ਆ ਗਈ। ਬਾਹਰ ਚੂਹਿਆਂ ਨੂੰ ਦੇਖ ਕੇ ਤਾਂ ਉਹ ਹੈਰਾਨ ਹੀ ਹੋ ਗਈ ਤੇ ਗੁੱਸਾ ਦੂਰ ਕਰਦੀ ਬੋਲੀ " ਪੁੱਤਰੋ! ਕਿਵੇਂ ਆਏ ਸਵੇਰੇ ਸਵੇਰੇ ਕੀ ਤਕਲੀਫ ਹੈ ਤੁਹਾਨੂੰ"?

"ਮਾਸੀ ਜੀ!, ਇੱਕ ਚੂਹਾ ਅੱਗੇ ਹੋ ਕੇ ਬੋਲਿਆ, ਤੁਹਾਨੂੰ ਵਧਾਈਆਂ ਦੇਣ ਆਏ ਹਾਂ। ਸਾਨੂੰ ਤਾਂ ਬਹੁਤ ਖੁਸ਼ੀ ਹੋਈ ਸੁਣ ਕੇ"

" ਕਾਹਦੀਆਂ ਵਧਾਈਆਂ, ਪੁੱਤਰੋ?" ਬਿੱਲੀ ਨੇ ਉਤਸੁਕਤਾ ਨਾਲ ਪੁੱਛਿਆ।

" ਮਾਸੀ ਜੀ, ਤੁਸੀਂ ਨਾ ਦੱਸੋ, ਪਰ ਸਾਨੂੰ ਤਾਂ ਪਤਾ ਲੱਗ ਹੀ ਗਿਆ ਹੈ ਕਿ ਜੰਗਲ ਦੇ ਰਾਜਾ ਸ਼ੇਰ ਨੇ ਤੁਹਾਨੂੰ ਆਪਣੀ ਸਲਾਹਕਾਰ ਕਮੇਟੀ 'ਚ ਮੁੱਖ ਮੈਂਬਰ ਬਣਾ ਲਿਆ ਹੈ ਅਤੇ ਤੁਹਾਨੂੰ ਇਸ ਇਲਾਕੇ ਦਾ ਪ੍ਰਧਾਨ ਵੀ ਬਣਾ ਦਿੱਤਾ ਹੈ"।

" ਹੈ! ਤੁਹਾਨੂੰ ਕੌਣ ਕਹਿੰਦਾ?" ਬਿੱਲੀ ਨੇ ਹੈਰਾਨੀ ਨਾਲ ਪੁੱਛਿਆ।

" ਮਾਸੀ ਜੀ ਸਾਰੇ ਪਾਸੇ ਤਾਂ ਰੌਲ਼ਾ ਪਿਆ ਹੋਇਆ ਹੈ। ਅਸੀਂ ਤਾਂ ਸੋਚਿਆ ਸਭ ਤੋਂ ਪਹਿਲਾਂ ਤੁਹਾਨੂੰ ਵਧਾਈ ਦੇਈਏ। ਅੱਜ ਹੋਰਾਂ ਨੇ ਵੀ ਤੁਹਾਨੂੰ ਵਧਾਈ ਦੇਣ ਆਉਣਾ"।

" ਮਾਸੀ ਜੀ! ਸਕੀਮੀ ਚੂਹਾ ਬੋਲਿਆ, ਤੁਹਾਡੀ ਲੋਕ

ਸੇਵਾ ਦੇਖ ਕੇ ਹੀ ਰਾਜਾ ਜੀ ਨੇ ਤੁਹਾਨੂੰ ਮਾਣ ਬਖਸ਼ਿਆ, ਹੋਰ ਬਥੇਰੇ ਇੱਥੇ ਫਿਰਦੇ ਜੋ ਸੇਵਾ ਦਾ ਢੋਂਗ ਕਰਦੇ ਆ। ਪਰ ਉਨ੍ਹਾਂ ਦੇ ਮਨ ਵਿੱਚ ਤੁਹਾਡੇ ਵਰਗਾ ਸਭ ਲਈ ਪਿਆਰ ਨਹੀਂ ਹੈ। ਇਸ ਲਈ ਹੀ ਅਸੀਂ ਤੁਹਾਡਾ ਸਤਿਕਾਰ ਕਰਨਾ। ਚਲੋ ਵੀ ਇੱਕ ਇੱਕ ਆ ਕੇ ਮਾਸੀ ਜੀ ਦੇ ਫੁੱਲਾਂ ਦਾ ਹਾਰ ਪਾਉ"।

ਬਿੱਲੀ ਮਾਣ ਨਾਲ ਖੁਸ਼ੀ 'ਚ ਫੁੱਲ ਗਈ। ਉਸ ਨੂੰ ਭੁੱਖ ਵੀ ਬਹੁਤ ਲੱਗੀ ਹੋਈ ਸੀ। ਜੇ ਕੋਈ ਹੋਰ ਵਕਤ ਹੁੰਦਾ ਤਾਂ ਹੁਣ ਨੂੰ ਕਦੇ ਦੀ ਇਨ੍ਹਾਂ ਗੁਦਗੁਦੇ ਚੂਹਿਆਂ 'ਤੇ ਝਪਟ ਪੈਂਦੀ। ਪਰ ਉਸ ਨੇ ਮਨ ਮਾਰ ਕੇ ਭੁੱਖ ਸਹਾਰ ਲਈ। ਜਦੋਂ ਚੂਹੇ ਉਸ ਦੇ ਗਲੇ ਵਿੱਚ ਫੁੱਲ ਪਾ ਰਹੇ ਸਨ ਤਾਂ ਉਹ ਬਸ ਬੇਬਸ ਹੀ ਹੋ ਚੱਲੀ ਸੀ, ਐਨ ਨੇੜੇ ਐਨੇ ਚੂਹੇ ਪਰ ਸੋਚਦੀ ਰਾਜਨੀਤੀ ਲਈ ਇਹ ਠੀਕ ਨਹੀਂ ਹੈ।

ਫੁੱਲਾਂ ਦੇ ਹਾਰ ਪਾਉਣ ਤੋਂ ਬਾਅਦ ਉਹ ਸਕੀਮੀ ਚੂਹਾ ਟੱਲੀ ਲੈ ਕੇ ਬਿੱਲੀ ਕੋਲ ਆਇਆ ਤੇ ਬੋਲਿਆ, "ਮਾਸੀ ਜੀ! ਤੁਸੀਂ ਸਾਡੇ ਸਮਾਜ ਲਈ ਬਹੁਤ ਕੰਮ ਕੀਤਾ ਹੈ। ਸਾਨੂੰ ਵਿਸ਼ਵਾਸ ਹੈ ਕਿ ਤੁਸੀਂ ਹੁਣ ਹੋਰ ਵੀ ਵੱਧ ਜੋਸ਼ ਤੇ ਪਿਆਰ ਨਾਲ ਕੰਮ ਕਰੋਗੇ। ਇਸ ਲਈ ਅਸੀਂ ਸੋਚਿਆ ਕਿ ਤੁਹਾਨੂੰ ਆਪਣੇ ਵਲੋਂ ਇਹ ਤਮਗਾ ਦਿੱਤਾ ਜਾਵੇ ਤੇ ਇਹ ਕਹਿੰਦਿਆਂ ਬਿੱਲੀ ਦੇ ਨਾਂਹ ਨਾਂਹ ਕਰਦਿਆਂ ਹੀ ਚੂਹੇ ਨੇ ਉਸ ਦੇ ਗਲ਼ ਵਿੱਚ ਟੱਲੀ ਪਾ ਕੇ ਚੰਗੀ ਤਰ੍ਹਾਂ ਬੰਨ੍ਹ ਦਿੱਤੀ।

" ਪੁੱਤਰੋ, ਇਹ ਤਾਂ ਖੜਕਦਾ ਹੈ, ਟੱਲੀ ਵਾਂਗੂੰ"। ਬਿੱਲੀ ਖੁਸ਼ ਹੋ ਕੇ ਬੋਲੀ।

" ਮਾਸੀ ਜੀ ਤੁਸੀਂ ਕਿਸੇ ਤੋਂ ਘੱਟ ਨਹੀਂ ਹੋ, ਹੁਣ ਜਦੋਂ ਤੁਸੀਂ ਚੱਲਿਆ ਕਰਨਾ ਤਾਂ ਇਹ ਤਮਗਾ ਦੇਖ ਕੇ ਲੋਕ ਖੜ੍ਹ ਖੜ੍ਹ ਕੇ ਝੁਕ ਝੁਕ ਸਲਾਮਾਂ ਕਰਿਆ ਕਰਨਗੇ। ਚੰਗਾ ਮਾਸੀ ਜੀ! ਅਸੀਂ ਤੁਹਾਡਾ ਬਹੁਤ ਕੀਮਤੀ ਸਮਾਂ ਲੈ ਲਿਆ ਹੈ, ਅਸੀਂ ਹੁਣ ਚੱਲਦੇ ਹਾਂ। ਤੁਹਾਨੂੰ ਮਿਲਣ ਹੋਰਾਂ ਨੇ ਵੀ ਆਉਣਾ ਅਜੇ"। ਇਹ ਕਹਿੰਦੇ ਚੂਹੇ ਦੜੰਗੇ ਮਾਰਦੇ ਭੱਜ ਗਏ।

ਉਸੇ ਦਿਨ ਪਤਾ ਲੱਗਾ ਕਿ ਬਿੱਲੀ ਆਪਣੇ ਘਰ ਸਾਹਮਣੇ ਖੜ੍ਹੀ ਸੀ। ਇੱਕ ਕੁੱਤਾ ਜਦੋਂ ਉਸ ਪਾਸ ਆਇਆ ਤਾਂ ਉਹ ਹੰਕਾਰ ਵਿੱਚ ਬੋਲੀ, " ਮੈਨੂੰ ਝੁਕ ਕੇ ਸਲਾਮ ਕਰ। ਮੈਂ ਇੱਥੇ ਦੀ ਪ੍ਰਧਾਨ ਹਾਂ......"।

ਉਹ ਅਜੇ ਹੋਰ ਬੋਲਣ ਹੀ ਲੱਗੀ ਸੀ ਕਿ ਕੁੱਤੇ ਨੇ ਗਲ਼ ਤੋਂ ਪਕੜ ਕੇ ਮਾਰ ਦਿੱਤੀ। ਉਸ ਦੀ ਮੌਤ ਦਾ ਜਦੋਂ ਚੂਹਿਆਂ ਨੂੰ ਪਤਾ ਲੱਗਾ ਤਾਂ ਉਹ ਬਹੁਤ ਖੁਸ਼ ਹੋਏ ਤੇ ਉਨ੍ਹਾਂ ਜਵਾਨ ਚੂਹਿਆਂ ਦੀ ਰਾਜਨੀਤੀ 'ਤੇ ਮਾਣ ਕਰਦੇ ਹੋਏ ਉਨ੍ਹਾਂ ਨੂੰ ਮੋਢਿਆਂ 'ਤੇ ਚੁੱਕ ਕੇ ਭੰਗੜਾ ਪਾਉਣ ਲੱਗੇ।

( ਪੁਸਤਕ, ' ਬੱਚਿਆਂ ਦਾ ਪ੍ਰਣ' ਵਿੱਚੋਂ )



## ਕਵਿਤਾ-ਤਾਂਘ

ਡਾ.ਮਾਨਵਪ੍ਰੀਤ ਕੌਰ,
ਡੈਲਸ (ਯੂ.ਐਸ.ਏ)

ਕਿਉਂ ਭੇਦ ਰੰਗਾਂ ਦੇ ਸਭ ਤੋਂ ਨੇ ਉੱਪਰ,
ਅਸੀਂ ਜਾਣਾ ਸੀ ਕੋਹਾਂ ਅੱਗੇ,
ਓਸ ਧਰਤ 'ਤੇ ਜਿੱਥੇ
ਰੰਗ, ਧਨ, ਗਿਆਨ
ਤੋਂ ਉੱਤੇ ਉੱਠ
ਅਸੀਂ ਤੁਰਨਾ ਸੀ ਹੱਥ ਫੜ।
ਅਸੀਂ ਕਦਮ ਤੋਰ ਲਏ ਨੇ ਪਿੱਛੇ
ਓਸ ਪੜਾਅ ਤੇ ਜਿੱਥੇ
ਰੰਗ, ਧਨ, ਗਿਆਨ, ਧਰਮ, ਜਾਤ
ਨੇ ਸਾਨੂੰ ਦੂਰ ਕੀਤਾ ਇੱਕ ਦੂਜੇ ਤੋਂ।
ਮੈਨੂੰ ਹੁਣ ਬੱਸ ਤਾਂਘ ਹੈ ਓਸ ਦਿਨ ਦੀ ਜਦ
ਹੱਥ ਫੜੀਏ ਇੱਕ ਦੂਜੇ ਦੇ।
ਹੁਣ ਬੱਸ ਹੈ ਦੇਖਣਾ ਕਦ ਇਹ
ਸੁਫਨਾ ਹੋਏ ਪੂਰਾ।
ਡਰ ਬੱਸ ਹੈ ਕਿ ਧੀ ਵੱਡੀ ਹੋਣ ਤੱਕ
ਮੇਰੀ ਵੀ ਏਸ ਸੁਫਨੇ ਦੀ
ਤਾਂਘ ਬੁੱਢੀ ਹੋ ਨਾ ਜਾਏ।

* * * * *

ਜਿਨ੍ਹਾਂ ਨੇ ਉਡਣਾ ਹੁੰਦੈ, ਹਵਾ ਨਹੀਂ ਵੇਖਿਆ ਕਰਦੇ।
ਜੋ ਸੂਰਜ ਵਾਂਗ ਚੜ੍ਹਦੇ ਨੇ, ਘਟਾ ਨਹੀਂ ਵੇਖਿਆ ਕਰਦੇ।

- ਬਲਬੀਰ ਸਿੰਘ ਸੈਣੀ



## NEW FIVE YEAR MEMBERS OF "SAINI SANSAR"

Jagdev Singh
Saini Bhawan, Rupnagar

Continued from page 25 of 36th Issue

874. **S. Amrit Singh**
Jalandhar
875. **S. Kulvir Singh**
Hoshiarpur
876. **S. Charanjit Singh**
Star Cable, Shop No. 1, Power Colony, Ropar
877. **S. Kuldeep Singh**
# B-179, Mohalla Sheikhan, Ropar
878. **S. Sukhdev Singh**
Flat No. 204A, Sun Enclave, Ropar
879. **S. Rajinder Singh**
Vill. Ferozpur, P.O. Bela, Ropar
880. **S. Harjit Singh**
Hoshiarpur
881. **S. Balbir Singh Lambardar**
Near Police Chowki, Bela
882. **S. Ranjit Singh Badwal**
Inspector Pb. Police, Distt. Sanjh Kendar, Ropar
883. **S. Pardeep Singh**
VPO Phoolpur Grewal, Ropar
884. **S. Gurcharan Singh**
# 271, CHB Flats, Sec. 55, Chandigarh
885. **S. Kulwinder Singh**
Phagwara
886. **S. Avtar Singh SDO**
C/o Bawa Footwear, Behind Police Station, Sri A.P.S.
887. **S. Kulwant Singh**
Kulwant Electrical, Ropar
888. **S. Beant Singh**
Vill. Bahadurpur, Distt. Rupnagar
889. **S. Jasbir Singh**
# 36, Durga Nagar, Ambala City
890. **S. Sarabjeet Singh**
Dashmesh Nagar, Rupnagar

## New Life Members of Saini Bhawan

545. S. Davinder Kumar
s/o Sh. Naresh Kumar
# 126/F, Lakhvindra Enclave, Rupnagar



546. S. Nasib Singh Saini
S/o S. Sadda Singh
# 526, G.Z.S. Nagar, Rupnagar



547. Dr. Sukhbir Singh
S/o S. Bant Singh
# Sun Enclave, Rupnagar



548. S. Jagdev Singh Panghlia
S/o S. Hardial Singh
# 1101, Ph. 9, Sec. 63, Mohali



549. Sh. Jagdev Singh
S/o Sh. Ram Murti
# 64, G.Z.S. Nagar, Rupnagar





## ਕਿਸਾਨ ਅੰਦਲੋਨ 'ਤੇ

ਕੁਲਵਿੰਦਰ ਖੈਰਾਬਾਦੀ

ਦਿੱਲੀਏ ਨੀ ਦਿੱਲੀਏ ! ਭੁੱਲ ਤਾਂ ਨੀ ਗਈ ਕਿਤੇ,
ਪਿਛਲੇ ਸਮੇਂ 'ਚ ਝਾਤੀ ਮਾਰ।
ਹੱਕਾਂ ਲਈ ਲੜਨ ਜੋ, ਮਜ਼ਲੂਮਾਂ ਨਾਲ ਖੜ੍ਹਨ ਜੋ,
ਲਗਦੇ ਨੇ ਤੈਨੂੰ ਕਿਉਂ ਗਦਾਰ।

ਪੋਹ ਦੇ ਮਹੀਨੇ ਵਿੱਚ ਪਰਖ ਕੇ ਸਬਰਾਂ ਨੂੰ,
ਸਾਬਤ ਤੂੰ ਕੀ ਕਰੇਂਗੀ।
ਉੱਠ ਉੱਠ ਭੱਜਦੀ ਏਂ, ਗੱਲਬਾਤ ਲਈ ਬੁਲਾਵੇ ਜਦੋਂ
ਹੋਰ ਦਸ ਕਿੰਨਾਂ ਡਰੇਂਗੀ।
ਪਿਤਾ ਸਾਡਾ ਕੌਣ ਏ, ਭੁੱਲ ਤਾਂ ਨਹੀਂ ਗਈ ਕਿਤੇ,
ਅਤੀਤ ਵਿੱਚ ਝਾਤੀ ਵੇਖੀਂ ਮਾਰ।

ਇੱਕ ਸਾਡੇ ਗੁਰਾਂ ਨੇ ਤੱਤੀ ਤਵੀ ਨੂੰ ਠਾਰਿਆ ਸੀ।
ਹੌਲੀ ਹੌਲੀ ਚੀਰੀਂ ਮੈਨੂੰ, ਆਰੇ ਨੂੰ ਵੰਗਾਰਿਆ ਸੀ।
ਸੀਸ ਦਿੱਤਾ ਦਿੱਲੀ ਵਿੱਚ, ਪੋਤੇ ਚਮਕੌਰ ਵਾਰੇ,
ਇੱਕ ਨਹੀਂ, ਦੋ ਨਹੀਂ ਲਾਲ ਜਿਨ੍ਹੇ ਚਾਰੇ ਵਾਰੇ।
ਛੋਟੇ ਜਿਹੇ ਹੀ ਸੀ, ਜਦੋਂ ਭੇਜਿਆ ਸੀ ਪਿਤਾ ਜੀ ਨੂੰ
ਤੇਰੇ ਵੱਲ ਕਰਕੇ ਤਿਆਰ।



# ਕੈਨੇਡਾ ਵਿੱਚ ਪੰਜਾਬੀਆਂ ਦੀ ਬੱਲੇ ਬੱਲੇ

ਦਵਿੰਦਰ ਸਿੰਘ ਜਟਾਣਾ
ਸੈਣੀ ਭਵਨ

ਕੈਨੇਡਾ ਦੇ ਪੱਛਮੀ ਤੱਟੀ ਪ੍ਰਾਂਤ ਬ੍ਰਿਟਿਸ਼ ਕੋਲੰਬੀਆ ਦੀਆਂ ਅਕਤੂਬਰ, 2020 ਵਿੱਚ ਹੋਈਆਂ ਵਿਧਾਨ ਸਭਾ ਚੋਣਾਂ ਵਿੱਚ ਪੰਜਾਬੀ ਪਗੜੀਧਾਰੀ ਸਿੱਖ ਜਗਮੀਤ ਸਿੰਘ ਦੀ ਅਗਵਾਈ ਵਾਲੀ ਸੱਤਾਧਾਰੀ ਨਿਊ ਡੈਮੋਕਰੈਟਿਕ ਪਾਰਟੀ ਨੇ ਕੁੱਲ 87 ਸੀਟਾਂ ਵਿੱਚੋਂ 55 'ਤੇ ਜਿੱਤ ਹਾਸਲ ਕਰ ਕੇ ਸਪਸ਼ਟ ਬਹੁਮਤ ਲੈ ਲਿਆ ਹੈ। ਇਨ੍ਹਾਂ ਵਿੱਚੋਂ ਅੱਠ ਮੈਂਬਰ ਪੰਜਾਬੀ ਪਿਛੋਕੜ ਵਾਲੇ ਹਨ ਅਤੇ ਇੱਕ ਪਗੜੀਧਾਰੀ ਸਿੱਖ ਹੈ। ਇਸ ਸਫਲਤਾ ਨਾਲ ਕੈਨੇਡਾ ਦੀ ਰਾਜਨੀਤੀ ਵਿੱਚ ਪੰਜਾਬੀਆਂ ਨੇ ਅਹਿਮ ਸਥਾਨ ਹਾਸਲ ਕਰ ਲਿਆ ਹੈ।



**ਸ.ਅਮਨ ਸਿੰਘ** ਬ੍ਰਿਟਿਸ਼ ਕੋਲੰਬੀਆ ਦੀ ਵਿਧਾਨ ਸਭਾ ਲਈ ਜਿੱਤ ਹਾਸਲ ਕਰਨ ਵਾਲਾ ਪਹਿਲਾ ਪਗੜੀਧਾਰੀ ਪੰਜਾਬੀ ਹੈ। ਹਾਂਗਕਾਂਗ ਵਿੱਚ ਜਨਮੇ ਇਸ ਪੰਜਾਬੀ ਨੇ ਰਿਚਮੰਡ ਕੁਈਨਜ਼ਬਰਗ ਹਲਕੇ ਤੋਂ ਸਫਲਤਾ ਹਾਸਲ ਕੀਤੀ ਹੈ। ਉਹ ਪੇਸ਼ੇ ਵਜੋਂ ਮਨੁੱਖੀ ਹੱਕਾਂ ਦਾ ਵਕੀਲ ਹੈ।



**ਸ਼੍ਰੀਮਤੀ ਰਚਨਾ ਸਿੰਘ** ਦਾ ਪਿਛੋਕੜ ਜਲੰਧਰ ਦਾ ਹੈ। ਉਸ ਨੇ ਸਰੀ ਗ੍ਰੀਨ ਟਿੰਬਰਜ਼ ਹਲਕੇ ਤੋਂ ਜਿੱਤ ਪ੍ਰਾਪਤ ਕੀਤੀ ਹੈ। ਰਚਨਾ ਸਿੰਘ ਪੰਜਾਬੀ ਦੇ ਪ੍ਰਸਿੱਧ ਅਗਾਂਹਵਧੂ ਲੇਖਕ ਤੇ ਕਾਮਿਆਂ ਦੇ ਹੱਕਾਂ ਲਈ ਸੰਘਰਸ਼ਸ਼ੀਲ ਰਹੇ ਤੇਰਾ ਸਿੰਘ ਚੰਨ ਦੀ ਦੋਹਤੀ ਤੇ ਪ੍ਰੋਫੈਸਰ ਰਘੁਬੀਰ ਸਿਰਜਣਾ ਦੀ ਧੀ ਹੈ। ਉਸ ਨੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਕਲਿਨੀਕਲ ਸਾਈਕੋਲੋਜੀ ਵਿਸ਼ੇ ਵਿੱਚ ਐਮ.ਏ ਕੀਤੀ ਅਤੇ ਸੰਨ 2001 ਵਿੱਚ ਆਪਣੇ ਪਤੀ ਸ. ਗੁਰਪ੍ਰੀਤ ਸਿੰਘ ਤੇ ਦੋ ਬੱਚਿਆਂ ਨਾਲ ਕੈਨੇਡਾ ਚਲੇ ਗਈ। ਉਹ ਬ੍ਰਿਟਿਸ਼ ਕੋਲੰਬੀਆ ਵਿੱਚ ਮਸ਼ਹੂਰ ਟਰੇਡ ਯੂਨੀਅਨਿਸਟ ਹੈ। ਉਹ ਨਸਲਵਾਦੀ ਵਿਰੋਧੀ ਪਹਿਲਕਦਮੀਆਂ ਵਿਭਾਗ ਦੀ ਸੰਸਦੀ ਸਕੱਤਰ ਬਣਾਈ ਗਈ ਹੈ।



**ਸ਼੍ਰੀਮਤੀ ਜਿੰਨੀ ਜੋਗਿੰਦਰ ਸਿਮਜ਼** ਨੇ ਸਰੀ ਪਨੋਰਮਾ ਹਲਕੇ ਤੋਂ ਜਿੱਤ ਹਾਸਲ ਕੀਤੀ ਹੈ। ਉਸ ਦਾ ਪਿਛੋਕੜ ਜਲੰਧਰ ਜ਼ਿਲ੍ਹੇ ਦੇ ਪਿੰਡ ਪਬਵਾਂ ਦਾ ਹੈ। ਉਹ ਨੌਂ ਸਾਲ ਦੀ ਉਮਰ ਵਿੱਚ ਪਹਿਲਾਂ ਇੰਗਲੈਂਡ ਅਤੇ ਫਿਰ 1975 ਵਿੱਚ ਕੈਨੇਡਾ ਚਲੇ ਗਈ ਸੀ। ਉਸ ਨੇ ਸਕੂਲ ਅਧਿਆਪਕਾਂ ਵਜੋਂ ਕੰਮ ਕਰਦਿਆਂ ਬੀ.ਸੀ ਟੀਚਰਜ਼ ਫੈਡਰੇਸ਼ਨ ਦੀ ਕਮਾਨ ਸੰਭਾਲੀ ਅਤੇ 2006 ਵਿੱਚ ਹੜਤਾਲ ਕਰਵਾ ਕੇ ਸਰਕਾਰ ਤੋਂ ਅਧਿਆਪਕਾਂ ਦੀਆਂ ਹੱਕੀ ਮੰਗਾਂ ਮਨਵਾਈਆਂ। ਉਹ ਪਿਛਲੀ ਸਰਕਾਰ ਵਿੱਚ ਸਿਟੀਜ਼ਨ ਸਰਵਿਸਸ ਦੀ ਮੰਤਰੀ ਸੀ।



**ਹੈਰੀ (ਹਰਬਖਸ਼ ਸਿੰਘ) ਬੈਂਸ** ਜੋ ਪਿਛਲੀ ਸਰਕਾਰ ਵਿੱਚ ਲੇਬਰ ਮਨਿਸਟਰ ਸੀ ਫਗਵਾੜਾ ਨੇੜੇ ਪਿੰਡ ਹਰਦਾਸਪੁਰ ਦੇ ਵਸਨੀਕ ਰਹੇ ਹਨ। ਉਨ੍ਹਾਂ ਨੇ ਸਰੀ ਨਿਊਟਨ ਹਲਕੇ ਤੋਂ ਜਿੱਤ ਹਾਸਲ ਕੀਤੀ ਹੈ। ਉਹ ਕਾਮਿਆਂ ਦੇ ਹੱਕਾਂ ਲਈ ਲੜਨ ਵਾਲੇ ਵਕੀਲ ਅਤੇ ਸੰਘਰਸ਼ੀ ਨੇਤਾ ਹਨ।



**ਸ਼੍ਰੀ ਰਾਜ ਚੌਹਾਨ** ਪੰਜਾਬ ਦੇ ਜੰਮਪਲ ਹਨ ਅਤੇ 1973 ਵਿੱਚ ਕੈਨੇਡਾ ਚਲੇ ਗਏ ਸਨ। ਉਨ੍ਹਾਂ ਨੇ ਲਗਾਤਾਰ ਪੰਜਵੀਂ ਵਾਰ ਬਰਨਾਬੀ ਐਡਮੰਡਜ਼ ਹਲਕੇ ਦੀ ਸੀਟ ਹਾਸਲ ਕੀਤੀ ਹੈ। ਉਹ ਪਿਛਲੀ ਸਰਕਾਰ ਦੇ ਡਿਪਟੀ ਸਪੀਕਰ ਸਨ। ਆਪ ਕਾਮਿਆਂ ਦੇ ਹੱਕਾਂ ਲਈ ਲੜਨ ਵਾਲੇ ਪ੍ਰਸਿੱਧ ਆਗੂ ਹਨ। ਉਹ ਕੈਨੇਡੀਅਨ ਫਾਰਮਵਰਕਰਜ਼ ਯੂਨੀਅਨ ਦੇ ਮੋਢੀ ਪ੍ਰਧਾਨ ਰਹੇ ਹਨ। ਉਨ੍ਹਾਂ ਨੂੰ ਵਿਧਾਨ ਸਭਾ ਦਾ ਸਪੀਕਰ ਬਣਾਇਆ ਗਿਆ ਹੈ।



**ਸ. ਜਗਰੂਪ ਸਿੰਘ ਬਰਾੜ** ਨੇ ਸਰੀ ਫਲੀਟਵੁੱਡ ਹਲਕੇ ਦੀ ਸੀਟ ਜਿੱਤੀ ਹੈ। ਉਹ ਬਠਿੰਡਾ ਦੇ ਪਿੰਡ ਦਿਉਂ ਨਾਲ ਸਬੰਧਿਤ ਹਨ ਅਤੇ ਭਾਰਤ ਦੀ ਬਾਸਕਟਬਾਲ ਟੀਮ ਵਿੱਚ ਨੈਸ਼ਨਲ ਪੱਧਰ ਦੇ ਖਿਡਾਰੀ ਰਹੇ ਹਨ। ਆਪ ਨੇ ਕੈਨੇਡਾ ਦੀ ਮੈਨੀਟੋਬਾ ਯੂਨੀਵਰਸਿਟੀ ਤੋਂ ਪਬਲਿਕ ਐਡਮਨਿਸਟ੍ਰੇਸ਼ਨ ਵਿਸ਼ੇ ਵਿੱਚ ਪੋਸਟਗ੍ਰੈਜੂਏਟ ਡਿਗਰੀ ਹਾਸਲ ਕੀਤੀ। ਉਹ ਪਹਿਲੀ ਵੇਰ 2004 ਵਿੱਚ ਵਿਧਾਨ ਸਭਾ ਲਈ ਚੁਣੇ ਗਏ ਸਨ।



**ਸ਼੍ਰੀ ਰਵੀ ਕਾਹਲੋਂ** ਦੇ ਬਜ਼ੁਰਗ ਤਾਂ ਪੰਜਾਬੀ ਸਨ ਪਰ ਉਨ੍ਹਾਂ ਦਾ ਜਨਮ ਕੈਨੇਡਾ ਦੇ ਸ਼ਹਿਰ ਵਿਕਟੋਰੀਆ ਵਿੱਚ ਹੋਇਆ। ਆਪ ਨੇ ਡੈਲਟਾ ਨਾਰਥ ਹਲਕੇ ਤੋਂ ਜਿੱਤ ਹਾਸਲ ਕੀਤੀ ਹੈ। ਆਪ ਨੂੰ ਰੁਜ਼ਗਾਰ, ਆਰਥਿਕ ਸੁਧਾਰਾਂ ਅਤੇ ਨਵੀਨਤਾ ਦਾ ਮੰਤਰੀ ਬਣਾਇਆ ਗਿਆ ਹੈ। ਆਪ ਪ੍ਰਸਿੱਧ ਹਾਕੀ ਖਿਡਾਰੀ ਹਨ ਜਿਸ ਨੇ ਦੋ ਵੇਰ ਉਲੰਪਿਕ ਤੇ ਤਿੰਨ ਵੇਰ ਵਿਸ਼ਵ ਕੱਪ ਵਿੱਚ ਕੈਨੇਡਾ ਦੀ ਟੀਮ ਵਿੱਚ ਭਾਗ ਲਿਆ।



**ਸ਼੍ਰੀਮਤੀ ਨਿੱਕੀ ਸ਼ਰਮਾ** ਦੀਆਂ ਜੜ੍ਹਾ ਵੀ ਪੰਜਾਬ ਵਿੱਚ ਹਨ। ਆਪ ਨੇ ਵਨਕੂਵਰ ਹੈਸਟਿੰਗਜ਼ ਅਸੈਂਬਲੀ ਹਲਕੇ ਤੋਂ ਜਿੱਤ ਪ੍ਰਾਪਤ ਕੀਤੀ ਹੈ। ਆਪ ਇਸ ਇਲਾਕੇ ਦੇ ਪ੍ਰਸਿੱਧ ਵਕੀਲ ਤੇ ਸੰਘਰਸ਼ੀ ਕਾਰਜਕਰਤਾ ਹਨ।ਆਪ ਨੂੰ ਕਮਿਊਨਿਟੀ ਵਿਕਾਸ ਤੇ ਗੈਰ-ਮੁਨਾਫਿਆਂ ਦੇ ਵਿਭਾਗ ਦਾ ਸੰਸਦੀ ਸਕੱਤਰ ਬਣਾਇਆ ਗਿਆ ਹੈ।



ਮਨੁੱਖੀ ਤਰੱਕੀ ਦੇ ਰਾਹਗੀਰ

## ਨੋਬਲ ਪੁਰਸਕਾਰ ਵਿਜੇਤਾ-2020

**ਗੁਰਮੁਖ ਸਿੰਘ ਲੌਂਗੀਆ**
**ਸੈਣੀ ਭਵਨ**

ਨੋਬਲ ਪੁਰਸਕਾਰ ਅੰਤਰਰਾਸ਼ਟਰੀ ਪੱਧਰ ਦੇ ਵਕਾਰੀ ਪੁਰਸਕਾਰ ਹਨ ਜੋ ਸਵੀਡਨ ਦੇਸ਼ ਦੇ ਵਿਗਿਆਨੀ ਤੇ ਧਨਾਢ ਦਾਨੀ ਪੁਰਸ਼ ਅਲਫਰਡ ਨੋਬਲ ਦੀ 1895 ਵਿੱਚ ਕੀਤੀ ਵਸੀਅਤ ਅਨੁਸਾਰ ਮਨੁੱਖੀ ਵਿਕਾਸ ਲਈ ਵੱਖ ਵੱਖ ਖੇਤਰਾਂ 'ਚ ਕੀਤੇ ਕਾਰਜਾਂ ਲਈ ਛੇ ਉੱਦਮੀਆਂ ਨੂੰ ਹਰ ਸਾਲ ਦਿੱਤੇ ਜਾਂਦੇ ਹਨ। ਸੰਨ 1901 ਵਿੱਚ ਆਰੰਭ ਹੋਏ ਇਹ ਪੁਰਸਕਾਰ ਪਹਿਲਾਂ ਪੰਜ ਵਿਸ਼ਿਆਂ- ਰਸਾਇਣ ਵਿਗਿਆਨ, ਭੌਤਿਕ ਵਿਗਿਆਨ, ਸਾਹਿਤ, ਸਰੀਰ ਤੇ ਚਕਿਤਸਾ ਵਿਗਿਆਨ ਅਤੇ ਵਿਸ਼ਵ ਸ਼ਾਂਤੀ ਲਈ ਦਿੱਤੇ ਜਾਂਦੇ ਸਨ। ਬਾਅਦ ਵਿੱਚ ਅਰਥ ਸ਼ਾਸਤਰ ਵਿੱਚ ਪਾਏ ਯੋਗਦਾਨ ਲਈ ਵੀ ਨੋਬਲ ਪੁਰਸਕਾਰ ਦਿੱਤਾ ਜਾਣ ਲੱਗਾ। ਹੁਣ ਤੱਕ 603 ਪੁਰਸਕਾਰ 930 ਵਿਅਕਤੀਆਂ ਨੂੰ ਦਿੱਤੇ ਜਾ ਚੁੱਕੇ ਹਨ। ਕੁੱਝ ਵਿਅਕਤੀਆਂ ਨੇ ਇਹ ਦੋ ਵਾਰ ਵੀ ਹਾਸਲ ਕੀਤੇ ਹਨ। ਇਹ ਇਨਾਮ ਰਾਇਲ ਸਵੀਡਿਸ਼ ਅਕੈਡਮੀ ਆਫ ਸਾਇੰਸ ਵਲੋਂ ਉਨ੍ਹਾਂ ਨੂੰ ਦਿੱਤੇ ਜਾਂਦੇ ਹਨ ਜੋ ਪੰਜ ਮੈਂਬਰੀ ਕਮੇਟੀ ਦੁਆਰਾ ਚੁਣੇ ਜਾਂਦੇ ਹਨ। ਇਹ ਹਰ ਸਾਲ 10 ਦਸੰਬਰ ਨੂੰ ਅਲਫਰਡ ਨੋਬਲ ਦੀ ਬਰਸੀ 'ਤੇ ਸਟਾਕਹਾਮ ਵਿਖੇ ਦਿੱਤੇ ਜਾਂਦੇ ਹਨ।

ਸਾਲ 2020 ਲਈ 11 ਵਿਅਕਤੀਆਂ ਅਤੇ ਇੱਕ ਸੰਸਥਾ ਨੂੰ ਇਹ ਪੁਰਸਕਾਰ ਦਿੱਤੇ ਗਏ ਹਨ। ਇਨ੍ਹਾਂ ਵਿੱਚ ਚਾਰ ਇਸਤ੍ਰੀਆਂ ਵੀ ਸ਼ਾਮਲ ਹਨ।




**ਰਸਾਇਣ ਵਿਗਿਆਨ-** ਇਹ ਇਨਾਮ ਪਹਿਲੀ ਵੇਰ ਦੋ ਮਹਿਲਾ ਰਸਾਇਣ ਵਿਗਿਆਨੀਆਂ- ਫਰਾਂਸ ਦੀ ਇਮੈਨੁਅਲ ਸ਼ਾਪੋਟਿਏ ਤੇ ਅਮਰੀਕੀ ਵਿਗਿਆਨੀ ਜੈਨੀਫਰ ਏ. ਡੂਡਨਾ ਨੇ ਸਾਂਝੇ ਤੌਰ 'ਤੇ ਜਿੱਤਿਆ ਹੈ। ਉਨ੍ਹਾਂ ਨੂੰ ਇਹ ਇਨਾਮ ਜੈਨੇਟਿਕ ਨੁਕਸ ਦੂਰ ਕਰਨ ਲਈ ਜੀਨੋਮ ਵਿੱਚ ਸੋਧ ਕਰਨ ਦਾ ਤਰੀਕਾ ਲੱਭਣ ਲਈ ਦਿੱਤਾ ਗਿਆ ਹੈ। ਇਸ ਨਾਲ ਜੈਨੇਟਿਕ ਬਿਮਾਰੀਆਂ ਦਾ ਇਲਾਜ ਸੰਭਵ ਹੋ ਜਾਏਗਾ। ਇਸ ਖੋਜ ਨਾਲ ਫਸਲਾਂ ਦੇ ਨਵੇਂ ਢੰਗ-ਤਰੀਕੇ ਵੀ ਵਿਕਸਿਤ ਹੋਣਗੇ ਅਤੇ ਨਵੇਂ ਡਾਕਟਰੀ ਇਲਾਜਾਂ ਦਾ ਰਾਹ ਖੁਲ੍ਹੇਗਾ।





**ਭੌਤਿਕ ਵਿਗਿਆਨ-** ਇਹ ਪੁਰਸਕਾਰ ਪੁਲਾੜੀ ਖੇਤਰ ਵਿੱਚ ਖੋਜਾਂ ਕਰਨ ਵਾਲੇ ਤਿੰਨ ਭੌਤਿਕ ਵਿਗਿਆਨੀਆਂ- ਰੌਜਰ ਪੈਨਰੋਜ਼, ਰਾਈਨਹਾਰਡ ਗੈਂਜ਼ੇਲ ਤੇ ਮੈਡਮ ਐਂਡ੍ਰਿਆ ਗੇਜ਼ ਨੂੰ ਪ੍ਰਦਾਨ ਕੀਤਾ ਗਿਆ ਹੈ। ਰੌਜਰ ਪੈਨਰੋਜ਼ ਨੇ ਬਲੈਕ ਹੋਲ 'ਤੇ ਖੋਜ ਕੀਤੀ ਹੈ ਅਤੇ ਦੂਜੇ ਦੋਵੇਂ ਵਿਗਿਆਨੀਆਂ ਨੇ ਆਕਾਸ਼ ਗੰਗਾ ਦੇ ਕੇਂਦਰ ਵਿੱਚ 'ਸੁਪਰਮੈਟਿਵ ਕੰਪੈਕਟ ਆਬਜੈਕਟ' ਦਾ ਪਤਾ ਲਗਾਇਆ ਹੈ। ਇਸ ਨਾਲ ਬ੍ਰਹਿਮੰਡ ਦੇ ਗੁੱਝੇ ਭੇਦਾਂ ਦੀ ਜਾਣਕਾਰੀ ਪ੍ਰਾਪਤ ਹੋਈ ਹੈ ਜਿਸ ਨਾਲ ਵਿਗਿਆਨਕ ਸੋਝੀ ਵਿੱਚ ਵਾਧਾ ਹੋਇਆ ਹੈ।





**ਸਰੀਰ ਤੇ ਚਕਿਤਸਾ ਵਿਗਿਆਨ-** ਇਹ ਪੁਰਸਕਾਰ ਦੋ ਅਮਰੀਕੀ ਵਿਗਿਆਨੀਆਂ- ਹਾਰਵੇਅ ਜੇ ਆਲਟਰ ਤੇ ਚਾਰਲਸ ਐਮ ਰਾਈਸ ਅਤੇ ਬ੍ਰਿਟਸ਼ ਵਿਗਿਆਨੀ ਮਾਈਕਲ ਹਫਟਨ ਨੂੰ ਖੂਨ ਤੋਂ ਹੋਣ ਵਾਲੀ ਹੈਪੇਟਾਈਟਸ ਲਾਗ ਦੇ ਮੁੱਖ ਸਰੋਤ ਦੀ ਵਿਆਖਿਆ ਕਰਨ ਲਈ ਦਿੱਤਾ ਗਿਆ ਹੈ। ਇਸ ਖੋਜ ਨਾਲ ਇਤਿਹਾਸ ਵਿੱਚ ਪਹਿਲੀ ਵਾਰ ਇਸ ਰੋਗ ਦਾ ਇਲਾਜ ਕੀਤਾ ਜਾ ਸਕੇਗਾ। ਇਸ ਨਾਲ ਹੈਪੇਟਾਈਟਸ-ਸੀ ਵਾਇਰਸ ਨੂੰ ਖਤਮ ਕੀਤਾ ਜਾ ਸਕੇਗਾ ਜੋ ਲੱਖਾਂ ਲੋਕਾਂ ਦੀ ਜਾਨ ਬਚਾਉਣ ਲਈ ਕਾਰਗਰ ਸਿੱਧ ਹੋਵੇਗਾ।



**ਸਾਹਿਤ-** ਸਾਹਿਤ ਦਾ ਨੋਬਲ ਪੁਰਸਕਾਰ ਅਮਰੀਕਾ ਦੀ ਕਵਿੱਤਰੀ ਲੂਈਜ਼ ਗਲੁੱਕ ਨੇ ਕਵਿਤਾਵਾਂ ਦੀ ਪੁਸਤਕ 'ਕੈਂਡਿਡ ਐਂਡ ਅਨਕੰਪਰੋਮਾਈਜ਼ਿੰਗ' ਲਈ ਹਾਸਲ ਕੀਤਾ ਹੈ। ਇਹ ਮਾਣ ਹਾਸਲ ਕਰਨ ਵਾਲੀ ਉਹ 16ਵੀਂ ਇਸਤ੍ਰੀ ਸਾਹਿਤਕਾਰ ਹੈ। ਇਸ ਪੁਸਤਕ ਵਿਚ ਪਰਿਵਾਰਕ ਜ਼ਿੰਦਗੀ ਦੀਆਂ ਕਮੀਆਂ ਤੇ ਸਦਮਿਆਂ ਨੂੰ ਦਲੇਰੀ ਤੇ ਤਿੱਖੇ ਵਿਅੰਗ ਰਾਹੀਂ ਦਰਸਾਇਆ ਗਿਆ ਹੈ।




**ਅਰਥ ਸ਼ਾਸਤਰ-** ਇਹ ਪੁਰਸਕਾਰ ਅਮਰੀਕਾ ਦੀ ਸਟੈਨਫੋਰਡ ਯੂਨੀਵਰਸਿਟੀ ਵਿੱਚ ਤਾਇਨਾਤ ਦੋ ਅਰਥ ਸ਼ਾਸਤ੍ਰੀਆਂ- ਪੌਲ ਆਰ

ਬਾਕੀ ਸਫਾ 16 'ਤੇ ......

# ਜ਼ਿੰਦਗੀ ਦੇ ਰੰਗ ਸੱਜਣਾ

ਜਸਪ੍ਰੀਤ ਕੌਰ
ਨੂੰਹੋਂ



ਅਕਸਰ ਹੀ ਕਿਹਾ ਜਾਂਦਾ ਹੈ ਕਿ ਤਿੰਨ ਰੰਗ ਨਹੀਉਂ ਲੱਭਣੇ ਬੀਬਾ- ਹੁਸਨ, ਜਵਾਨੀ ਤੇ ਮਾਪੇ। ਇਨ੍ਹਾਂ ਸਤਰਾਂ ਵਿੱਚ ਜ਼ਿੰਦਗੀ ਦੀ ਅਸਲ ਸੱਚਾਈ ਛੁਪੀ ਹੈ। ਕਿਸੇ ਨੇ ਇੱਕ ਗੱਲ ਸੱਚ ਹੀ ਕਹੀ ਹੈ ਕਿ ਜ਼ਿੰਦਗੀ ਦੇ ਰੰਗ ਸੱਜਣਾ ਅੱਜ ਹੋਰ ਤੇ ਕੱਲ੍ਹ ਹੋਰ। ਜ਼ਿੰਦਗੀ ਇੱਕ ਵਗਦੇ ਦਰਿਆ ਦੀ ਤਰ੍ਹਾਂ ਹੈ ਜੋ ਕਦੇ ਕਿਸੇ ਲਈ ਨਹੀਂ ਰੁਕਦੀ। ਜੋ ਰੰਗ ਖੋ ਗਏ ਉਹ ਮੁੜ ਕੇ ਨਹੀਂ ਲੱਭਦੇ। ਇਨਸਾਨ ਚਾਹੇ ਤਾਂ ਪੈਸੇ ਨਾਲ ਦੁਨੀਆਂ ਦੀ ਹਰ ਸ਼ੈਅ ਖਰੀਦ ਲਵੇ ਪਰ ਉਹ ਸੁਆਸਾਂ ਦੀ ਇਹ ਪੂੰਜੀ ਨਹੀਂ ਖਰੀਦ ਸਕਦਾ। ਅੱਜ ਦਾ ਮਨੁੱਖ ਦੌਲਤ ਦੇ ਲਾਲਚ ਵਿੱਚ ਇਸ ਤਰ੍ਹਾਂ ਫਸਿਆ ਹੈ ਜਿਵੇਂ ਜਾਲ਼ ਵਿੱਚ ਮਛਲੀ ਫਸੀ ਹੋਵੇ। ਹਰ ਇੱਕ ਮਨੁੱਖ ਦਾ ਇਹੋ ਸੁਫਨਾ ਹੈ ਕਿ ਮੈਂ ਜਲਦੀ ਤੋਂ ਜਲਦੀ ਕਰੋੜਪਤੀ ਬਣ ਜਾਵਾਂ। ਪੜ੍ਹਿਆ-ਲਿਖਿਆ ਮਨੁੱਖ ਇਹ ਭੁੱਲ ਜਾਂਦਾ ਹੈ ਕਿ ਸਿਕੰਦਰ ਸਾਰੇ ਸੰਸਾਰ ਨੂੰ ਜਿੱਤ ਕੇ ਵੀ ਖਾਲੀ ਹੱਥ ਇਸ ਦੁਨੀਆਂ ਤੋਂ ਗਿਆ ਸੀ। ਇਸ ਦੇ ਬਾਵਜੂਦ ਇਨਸਾਨ ਇੱਕ ਦੂਜੇ ਤੋਂ ਅੱਗੇ ਲੰਘਣ ਦੀ ਦੌੜ ਵਿੱਚ ਹੈ। ਜਿਸ ਇਨਸਾਨ ਨੂੰ ਪ੍ਰੇਮ-ਪਿਆਰ ਵੰਡਣਾ ਚਾਹੀਦਾ ਹੈ ਉਹ ਵੈਰ- ਵਿਰੋਧਤਾ ਦਾ ਜਾਲ਼ ਵਿਛਾ ਰਿਹਾ ਹੈ। ਵੇਦ-ਪੁਰਾਣ ਗ੍ਰੰਥਾਂ ਵਿੱਚ ਵੀ ਲਿਖਿਆ ਹੈ ਕਿ ਦੁਨੀਆਂ ਇੱਕ ਸਰਾਂ ਹੈ। ਇੱਥੇ ਹਰ ਬੰਦੇ ਨੇ ਕਰਮਾਂ ਦਾ ਲੇਖਾ-ਜੋਖਾ ਪੂਰਾ ਕਰ ਕੇ ਅਸਲ ਘਰ ਜਾਣਾ ਹੈ। ਰੱਬ ਦਾ ਭੈਅ ਮੰਨਣ ਵਾਲੇ ਬੰਦਿਆਂ ਨੂੰ ਤਾਂ ਆਪਣੀ ਕੁੱਲੀ ਵੀ ਮਹਿਲ ਦੀ ਤਰ੍ਹਾਂ ਹੁੰਦੀ ਹੈ ਜਦੋਂਕਿ ਕੁੱਝ ਲਾਲਚੀ ਬੰਦੇ ਮਹਿਲਾਂ ਵਿੱਚ ਰਹਿ ਕੇ ਵੀ ਚੈਨ ਨਾਲ ਨਹੀਂ ਸੌਂ ਸਕਦੇ। ਰੱਬ ਆਪਣੇ ਹਰੇਕ ਜੀਵ ਨੂੰ ਕੁੱਲੀ ਦਾ ਤੋਹਫਾ ਜਨਮ ਤੋਂ ਪਹਿਲਾਂ ਹੀ ਦੇ ਕੇ ਭੇਜਦਾ ਹੈ। ਗੁਰਬਾਣੀ ਦਾ ਕਥਨ ਹੈ, ' ਸੈਲ ਪਥਰ ਮਹਿ ਜੰਤ ਉਪਾਏ ਤਾ ਕਾ ਰਿਜਕੁ ਆਗੈ ਕਰਿ ਧਰਿਆ'। ਇਸ ਦਾ ਮਤਲਬ ਹੈ ਕਿ ਜਿਹੜੇ ਜੀਵ ਪੱਥਰਾਂ ਵਿੱਚ ਹੁੰਦੇ ਹਨ ਰੱਬ ਨੂੰ ਉਨ੍ਹਾਂ ਦੀ ਰੋਟੀ ਦਾ ਵੀ ਫਿਕਰ ਹੁੰਦਾ ਹੈ। ਆਧੁਨਿਕ ਸਮੇਂ ਵਿੱਚ ਭਾਵੇਂ ਮਨੁੱਖ ਨੇ ਬਹੁਤ ਤਰੱਕੀ ਕਰ ਲਈ ਹੈ ਪਰ ਹੁਣ ਬੰਦਾ ਬੰਦੇ ਤੋਂ ਡਰਦਾ ਹੋਇਆ ਦੂਰ ਤੋਂ ਦੂਰ ਹੁੰਦਾ ਜਾ ਰਿਹਾ ਹੈ। ਇਸ ਭਲੇ ਮਨੁੱਖ ਨੂੰ ਇਸ ਗੱਲ ਦਾ ਗਿਆਨ ਨਹੀਂ ਹੈ ਕਿ ਕੀੜੀਆਂ-ਕਾਢੇ, ਜੀਵ ਵੀ ਇੱਕ ਲਾਈਨ ਵਿੱਚ ਤੁਰ ਕੇ ਆਪਣੀ ਏਕਤਾ ਦਾ ਪ੍ਰਗਟਾਵਾ ਕਰਦੇ ਹਨ। ਸਭ ਜੀਵ ਇਕੱਠੇ ਰਹਿ ਕੇ ਪਿਆਰ ਵੰਡਦੇ ਅਤੇ ਮਿਲ ਕੇ ਮੁਸੀਬਤਾਂ ਦਾ ਸਾਹਮਣਾ ਕਰਦੇ ਹਨ। ਪਰ 'ਮੈਂ' ਦਾ ਮਾਰਿਆ ਬੰਦਾ ਇਕੱਲਿਆਂ ਹੀ ਜੀਵਨ ਬਿਤਾਉਣ ਨੂੰ ਆਪਣਾ ਵਡੱਪਣ ਸਮਝ ਰਿਹਾ ਹੈ।

ਸੁੱਖਾਂ ਵਿੱਚ ਤਾਂ ਸਾਰੇ ਹੀ ਨਾਲ ਹੁੰਦੇ ਹਨ ਪਰ ਦੁੱਖ ਸਮੇਂ ਸਭ ਦੂਰ ਚਲੇ ਜਾਂਦੇ ਹਨ ਤਾਂ ਕਿ ਕੋਈ ਉਨ੍ਹਾਂ ਤੋਂ ਕੁੱਝ ਮੰਗ ਨਾ ਲਵੇ। ਸੁੱਖਾਂ ਦੇ ਸੰਗੀ ਤਾਂ ਸਾਰੇ ਹੀ ਹੁੰਦੇ ਹਨ ਪਰ ਜੋ ਦੁੱਖਾਂ ਵਿੱਚ ਸਾਥ ਦੇਵੇ ਉਹ ਹੀ ਸੱਚਾ ਦੋਸਤ. ਰਿਸ਼ਤੇਦਾਰ ਹੁੰਦਾ ਹੈ। ਸੁੱਖ-ਦੁੱਖ ਤਾਂ ਇੱਕ ਸਿੱਕੇ ਦੇ ਦੋ ਪਹਿਲੂ ਹਨ। ਜੇ ਦੁੱਖ ਨਾ ਆਉਣ ਤਾਂ ਸੁੱਖਾਂ ਦੀ ਕੀਮਤ ਪਤਾ ਨਹੀਂ ਲਗਦੀ। ਇਨਸਾਨ ਨੂੰ ਕਦੇ ਵੀ ਦੁੱਖਾਂ ਵਿੱਚ ਘਬਰਾਉਣਾ ਨਹੀਂ ਚਾਹੀਦਾ। ਜਿਸ ਤਰ੍ਹਾਂ ਰਾਤ ਤੋਂ ਬਾਅਦ ਦਿਨ ਨੇ ਆਉਂਣਾ ਹੁੰਦਾ ਹੈ ਉਸੇ ਤਰ੍ਹਾਂ ਦੁੱਖਾਂ ਤੋਂ ਬਾਅਦ ਸੁੱਖ ਜ਼ਰੂਰ ਆਉਂਦਾ ਹੈ।

ਅੱਜ ਦਾ ਇਨਸਾਨ ਇੰਨਾਂ ਖੁਦਗਰਜ਼ ਹੋ ਗਿਆ ਹੈ ਕਿ ਉਹ ਆਪਣੀ ਖੁਸ਼ੀ ਲਈ ਹਰ ਕਿਸੇ ਦੇ ਜ਼ਜ਼ਬਾਤਾਂ ਦਾ ਗਲ਼ਾ ਘੁੱਟ ਸਕਦਾ ਹੈ। ਜੋ ਇਨਸਾਨ ਦੂਜਿਆਂ ਲਈ ਜਿਉਂਦੇ ਹਨ ਉਨ੍ਹਾਂ ਨੂੰ ਮੌਤ ਤੋਂ ਬਾਅਦ ਵੀ ਦੁਨੀਆਂ ਯਾਦ ਕਰਦੀ ਹੈ। ਜ਼ਿੰਦਗੀ ਵਿੱਚ ਉਤਰਾਅ-ਚੜ੍ਹਾ ਆਉਂਦੇ ਰਹਿੰਦੇ ਹਨ। ਦੋਸਤੋ ਜ਼ਿੰਦਗੀ ਵਿੱਚ ਕਾਮਯਾਬ ਹੋਣ ਲਈ ਕਦੇ ਵੀ ਸ਼ਾਰਟ ਕੱਟ ਰਸਤਾ ਨਹੀਂ ਅਪਣਾਉਣਾ ਚਾਹੀਦਾ। ਬਜ਼ੁਰਗ ਅਕਸਰ ਹੀ ਕਹਿੰਦੇ ਰਹਿੰਦੇ ਹਨ ਕਿ ਸਫਲਤਾ ਹਮੇਸ਼ਾਂ ਹੀ ਹੌਲੀ-ਹੌਲੀ ਤੇ ਮਿਹਨਤ ਸਦਕਾ ਹੀ ਮਿਲਦੀ ਹੈ। ਜ਼ਿੰਦਗੀ ਤਾਂ ਪਸ਼ੂ-ਪੰਛੀਆਂ ਦੀ ਵੀ ਹੁੰਦੀ ਹੈ ਪਰ ਫਰਕ ਸਿਰਫ ਇਹ ਹੈ ਕਿ ਪਸ਼ੂ-ਪੰਛੀ ਬੋਲ ਕੇ ਆਪਣਾ ਸੁੱਖ-ਦੁੱਖ ਨਹੀਂ ਦੱਸ ਸਕਦੇ। ਪੁਰਾਣੇ ਸਮੇਂ ਦੀ ਜੇਕਰ ਗੱਲ ਕਰੀਏ ਤਾਂ ਕੱਚੇ ਘਰਾਂ ਅਤੇ ਕੱਚੇ ਵਿਹੜਿਆਂ ਵਿੱਚ ਗੋਹਾ-ਮਿੱਟੀ ਫੇਰ ਕੇ ਇਨਸਾਨ ਕਿੰਨਾਂ ਖੁਸ਼ ਰਹਿੰਦੇ ਹੁੰਦੇ ਸਨ। ਉਨ੍ਹਾਂ ਨੂੰ ਇੱਕ-ਦੂਜੇ ਦੇ ਸਹਿਯੋਗ ਦੀ ਆਸ ਸੀ ਤੇ ਇੱਕ-ਦੂਜੇ ਤੇ ਵਿਸ਼ਵਾਸ ਸੀ। ਪਰ ਪਤਾ ਨਹੀਂ ਹੁਣ ਕਿਹੋ ਜਿਹਾ ਸਮਾਂ ਆ ਗਿਆ ਕਿ ਭਰਾ-ਭਰਾ ਦਾ ਵੈਰੀ ਬਣ ਰਿਹਾ ਹੈ। ਪੁੱਤਰ ਆਪਣੇ ਮਾਂ-ਪਿਉ ਨੂੰ ਬੋਝ ਸਮਝ ਕੇ ਬਿਰਧ ਆਸ਼ਰਮਾਂ ਵਿੱਚ ਭੇਜ ਰਿਹਾ ਹੈ। ਬੁੱਢੀ ਮਾਂ ਰੋਟੀ ਲਈ ਦਰ-ਦਰ ਦੀਆਂ ਠੋਕਰਾਂ ਖਾ ਸੜਕਾਂ 'ਤੇ ਰੁਲ ਰਹੀ ਹੈ। ਜਿਸ ਮਾਂ ਨੇ ਨੌਂ ਮਹੀਨੇ ਬੱਚੇ ਨੂੰ ਆਪਣੇ ਪੇਟ ਵਿੱਚ ਰੱਖ ਕੇ ਪਾਲਿਆ ਹੁੰਦਾ ਹੈ ਉਸ ਨੂੰ ਘਰ ਦਾ ਇੱਕ ਕਨੋਾ ਵੀ ਨਸੀਬ ਨੀ ਹੁੰਦਾ। ਪਤੀ-ਪਤਨੀ ਦੇ ਕਲੇਸ਼ ਪਤਾ ਨਹੀਂ ਕਿਹੜੇ ਹੋਰ ਰੰਗ ਦੁਨੀਆਂ ਨੂੰ ਵਿਖਾਉਣਗੇ। ਚੌਰਾਸੀ ਲੱਖ ਜੂਨਾਂ ਵਿੱਚੋਂ ਸਿਰਫ ਮਨੁੱਖੀ ਜੀਵਨ ਹੀ ਸਭ ਤੋਂ ਉੱਤਮ ਹੈ। ਪਤਾ ਨਹੀਂ ਕਿਉਂ ਮਨੁੱਖ ਆਪ ਹੀ ਆਪਣੀ ਜ਼ਿੰਦਗੀ ਨੂੰ ਨਰਕ ਵੱਲ ਨਿਘਾਰ ਰਹੇ ਹਨ?

ਅੱਜ ਦਾ ਸਮਾਜ ਦੋ ਵਰਗਾਂ ਵਿੱਚ ਵੰਡਿਆ ਹੋਇਆ ਹੈ- ਇੱਕ ਅਮੀਰ ਤੇ ਦੂਜਾ ਗਰੀਬ। ਅਮੀਰ ਦੀ ਆਮਦਨ ਦਿਨ-ਬਦਿਨ ਵਧ ਰਹੀ ਹੈ ਜਦੋਂਕਿ ਗਰੀਬ ਹੋਰ ਗਰੀਬ ਹੁੰਦਾ ਜਾ ਰਿਹਾ ਹੈ। ਉਹ ਭਾਰਤ ਮਹਾਨ ਜਿਸ ਨੂੰ ਮਾਣ ਸੀ ਆਪਣੇ ਧੀਆਂ-ਪੁੱਤਰਾਂ 'ਤੇ, ਉਹ ਭੁੱਖਮਰੀ ਵਿੱਚ 'ਗੰਭੀਰ' ਸਥਾਨ 'ਤੇ ਆ ਗਿਆ ਹੈ। ਜਿਸ ਪੰਜਾਬ ਦੀ ਬੇਟੀ ਅਮਰੀਕਾ ਦੀ ਗਵਰਨਰ ਲਗ ਸਕਦੀ ਤਾਂ ਇੱਥੇ ਉਹ ਕੀ ਕੁੱਝ ਨੀ ਕਰ

ਸਕਦੀ? ਹੁਣੇ ਹੀ ਇੱਕ ਖਬਰ ਆਈ ਸੀ ਕਿ ਇੱਕ ਕੁੜੀ ਪੀ.ਐਚ.ਡੀ ਕਰ ਕੇ ਵੀ ਚੌਲਾਂ ਦੀ ਰੇਹੜੀ ਲਗਾ ਕੇ ਆਪਣੇ ਪਰਿਵਾਰ ਦਾ ਪੇਟ ਪਾਲ ਰਹੀ ਹੈ। ਕਮੀ ਸਾਡੇ ਬੱਚਿਆਂ ਵਿੱਚ ਨਹੀਂ ਸਰਕਾਰਾਂ ਤੇ ਸਿਸਟਮ ਵਿੱਚ ਹੈ ਜੋ ਯੋਗਤਾ ਦੇ ਆਧਾਰ 'ਤੇ ਨੌਕਰੀ ਦਾ ਪ੍ਰਬੰਧ ਵੀ ਨਹੀਂ ਕਰ ਸਕਦੀ।

ਜ਼ਿੰਦਗੀ ਦਾ ਅਸਲ ਆਨੰਦ ਮਾਂ-ਬਾਪ ਦੀ ਸੇਵਾ ਤੇ ਦੇਸ਼-ਕੌਮ ਦੀ ਸੇਵਾ ਵਿੱਚੋਂ ਹੀ ਮਿਲਦਾ ਹੈ। ਮਾਂ ਅਨੇਕਾਂ ਕਸ਼ਟ ਸਹਿ ਕੇ ਬੱਚੇ ਨੂੰ ਜਨਮ ਦਿੰਦੀ ਹੈ, ਬਾਪ ਖੁਦ ਭੁੱਖਾ ਰਹਿ ਕੇ ਆਪਣੇ ਬੱਚੇ ਦਾ ਪੇਟ ਭਰਦਾ ਹੈ ਤਾਂਕਿ ਬੁਢਾਪੇ ਵਿੱਚ ਉਹ ਉਨ੍ਹਾਂ ਦਾ ਸਹਾਰਾ ਬਣੇ। ਪਰ ਬੱਚਾ ਕਿਉਂ ਵੱਡਾ ਹੋ ਕੇ ਮਾਂ-ਬਾਪ ਦੇ ਅਹਿਸਾਨਾਂ ਨੂੰ ਭੁੱਲ ਕੇ ਦੁਨਿਆਵੀ ਵਸਤਾਂ ਦੇ ਮੋਹ ਵਿੱਚ ਫਸ ਜਾਂਦਾ ਹੈ? ਦੋਸਤੋ! ਇਹ ਜ਼ਿੰਦਗੀ ਬਹੁਤ ਕੀਮਤੀ ਤੇ ਛੋਟੀ ਹੈ। ਇੱਥੇ ਸਭ ਨੇ ਇੱਕ-ਦੂਜੇ ਨੂੰ ਛੱਡ ਕੇ ਚਲੇ ਜਾਣਾ ਹੈ। ਫਿਰ ਕਿਉਂ ਨੀ ਇਸ ਜ਼ਿੰਦਗੀ ਨੂੰ ਸਕੂਨਭਰ ਜੀਉਂਦੇ? ਕਿਸੇ ਦਾ ਕੰਮ ਵਿਗਾੜਨ ਦੀ ਬਜਾਏ ਸਵਾਰਨਾ ਸਿੱਖੋ। ਜ਼ਿੰਦਗੀ ਦੇ ਹਰ ਪਲ ਨੂੰ ਹੱਸਦੇ ਹੋਏ ਬਿਤਾਉ। ਕੀ ਪਤਾ ਕੱਲ੍ਹ ਆਵੇ ਜਾਂ ਨਾ ਆਵੇ। ਅੰਤ ਵਿੱਚ ਮੈਂ ਇਹੋ ਕਹਿਣਾ ਚਾਹੁੰਦੀ ਹਾਂ ਕਿ ਜ਼ਿੰਦਗੀ ਦੇ ਚਾਰ ਦਿਨ ਹੱਸ-ਖੇਡ ਕੇ ਕੱਟ ਲਉ। ਪਿਆਰ ਨਾਲ ਦੁਨੀਆਂ 'ਚੋਂ ਜੋ ਖੱਟਣਾ ਖੱਟ ਲਉ। ਲੁੱਟ ਲਓ ਨਜ਼ਾਰਾ ਜੱਗ ਵਾਲੇ ਵੇਲੇ ਦਾ, ਪਤਾ ਨਹੀਂਓਂ ਹੁੰਦਾ ਯਾਰੋ ਆਉਣ ਵਾਲੇ ਵੇਲੇ ਦਾ।

❈ ❈ ❈ ❈ ❈ ❈

......ਸਫਾ 14 ਦੀ ਬਾਕੀ

ਮਿਲਗਰੋਮ ਤੇ ਰੌਬਰਟ ਬੀ ਵਿਲਸਨ ਨੂੰ ਦਿੱਤਾ ਗਿਆ ਹੈ। ਉਨ੍ਹਾਂ ਨੇ ਅਜਿਹੀਆਂ ਵਸਤਾਂ ਤੇ ਸੇਵਾਵਾਂ ਨੂੰ ਵੇਚਣ ਲਈ ਨਵਾਂ ਨਿਲਾਮੀ ਢਾਂਚਾ ਤਿਆਰ ਕੀਤਾ ਹੈ ਜਿਨ੍ਹਾਂ ਨੂੰ ਰਵਾਇਤੀ ਤਰੀਕਿਆਂ ਨਾਲ ਵੇਚਣਾ ਮੁਸ਼ਕਲ ਹੈ। ਇਸ ਨਾਲ ਖਰੀਦਦਾਰਾਂ, ਵਿਕਰੇਤਾਵਾਂ ਅਤੇ ਕਰਦਾਤਾਵਾਂ ਨੂੰ ਲਾਭ ਪਹੁੰਚੇਗਾ।

**ਵਿਸ਼ਵ ਸ਼ਾਂਤੀ-** ਇਹ ਪੁਰਸਕਾਰ ਰੋਮ ਵਿੱਚ ਕਾਰਜਸ਼ੀਲ ਸੰਯੁਕਤ ਰਾਸ਼ਟਰ ਦੇ ' ਵਰਲਡ ਫੂਡ ਪ੍ਰੋਗਰਾਮ' ਨੂੰ ਦਿੱਤਾ ਗਿਆ ਹੈ। ਇਸ ਪ੍ਰੋਗਰਾਮ ਅਧੀਨ ਵਿਸ਼ਵ ਭਰ ਵਿੱਚ ਮੁਸ਼ਕਲਾਂ ਨਾਲ ਜੂਝ ਰਹੇ ਲੋਕਾਂ ਨੂੰ ਭੁੱਖਮਰੀ ਅਤੇ ਖੁਰਾਕੀ ਅਸੁਰੱਖਿਆ ਤੋਂ ਬਚਾਉਣ ਲਈ ਕੋਸ਼ਿਸ਼ਾਂ ਕੀਤੀਆਂ ਗਈਆਂ ਹਨ। ਉਹ ਲੋਕ ਭਾਵੇਂ ਜੰਗ ਤੋਂ ਪ੍ਰਭਾਵਿਤ ਹੋਣ ਜਾਂ ਮੌਸਮੀ ਆਫਤਾਂ ਦਾ ਸ਼ਿਕਾਰ ਹੋਣ। ਇਹ ਪ੍ਰੋਗਰਾਮ ਖੁਰਾਕੀ ਸੁਰੱਖਿਆ ਨੂੰ ਸ਼ਾਂਤੀ ਦਾ ਸਾਧਨ ਬਣਾਉਣ 'ਚ ਅਹਿਮ ਭੂਮਿਕਾ ਨਿਭਾ ਰਿਹਾ ਹੈ।

### ਬਰਾਦਰੀ ਦਾ ਸਿਰਮੌਰ ਯੋਧਾ-

## ਸੂਬੇਦਾਰ ਜੋਗਿੰਦਰ ਸਿੰਘ

ਸੈਣੀ ਬਰਾਦਰੀ ਲਈ ਬਹੁਤ ਮਾਣ ਦੀ ਗੱਲ ਹੈ ਕਿ ਭਾਰਤ ਸਰਕਾਰ ਨੇ ਸਰਵੋਚ ਸਨਮਾਨ, ਪਰਮਵੀਰ ਚੱਕਰ ਵਿਜੇਤਾ ਸੂਬੇਦਾਰ ਜੋਗਿੰਦਰ ਸਿੰਘ ਦੀ ਯਾਦ ਵਿੱਚ ਉਸ ਦੇ ਸ਼ਹੀਦੀ ਸਥਾਨ, ਬੁੱਮ ਲਾਅ (ਅਰੁਨਾਚਲ ਪ੍ਰਦੇਸ਼) 'ਤੇ 23 ਅਕਤੂਬਰ, 2020 ਨੂੰ ਜੰਗੀ ਯਾਦਗਾਰ ਸਥਾਪਿਤ ਕੀਤੀ ਹੈ। ਇਸ ਦਾ ਉਦਘਾਟਨ ਸ਼ਹੀਦ ਦੀ ਪੁੱਤਰੀ ਕੁਲਵੰਤ ਕੌਰ ਨੇ ਆਪਣੇ ਪਰਿਵਾਰਕ ਮੈਂਬਰਾਂ ਸਮੇਤ ਕੀਤਾ। ਇਸ ਸਮੇਂ ਅਰੁਨਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਪੇਮਾ ਖੰਡੂ, ਉਥੋਂ ਦੇ ਸਿਹਤ ਮੰਤਰੀ, ਖੇਤੀ ਮੰਤਰੀ, ਇਲਾਕੇ ਦੇ ਐਮ.ਐਲ.ਏ ਤੇ ਪੁਲਿਸ ਵਿਭਾਗ ਦੇ ਡੀ.ਜੀ.ਪੀ ਵੀ ਹਾਜ਼ਰ ਸਨ। ਇਸ ਦਿਨ ਸੂਬੇਦਾਰ ਜੋਗਿੰਦਰ ਸਿੰਘ ਨੇ ਚੀਨੀ ਫੌਜਾਂ ਦਾ ਬਹਾਦਰੀ ਨਾਲ ਮੁਕਾਬਲਾ ਕਰਦਿਆਂ 1962 ਦੀ ਜੰਗ ਸਮੇਂ ਲਾਸਾਨੀ ਸ਼ਹੀਦੀ ਪ੍ਰਾਪਤ ਕੀਤੀ ਸੀ।



ਸੂਬੇਦਰ ਜੋਗਿੰਦਰ ਸਿੰਘ ਦਾ ਜਨਮ 28 ਸਤੰਬਰ, 1920 ਨੂੰ ਮੋਗਾ ਜ਼ਿਲ੍ਹੇ ਦੇ ਪਿੰਡ ਮਾਹਲਾਂ ਕਲਾਂ ਵਿਖੇ ਸ. ਸ਼ੇਰ ਸਿੰਘ ਤੇ ਮਾਤਾ ਕਿਸ਼ਨ ਕੌਰ ਦੇ ਘਰ ਸੈਣੀ (ਭੇਲ਼ਾ) ਪਰਿਵਾਰ ਵਿੱਚ ਹੋਇਆ। ਉਨ੍ਹਾਂ ਦੇ ਬਜ਼ੁਰਗ ਹੁਸ਼ਿਆਰਪੁਰ ਜ਼ਿਲ੍ਹੇ ਦੇ ਪਿੰਡ ਮੂਣਕਾਂ ਦੇ ਮੂਲ ਵਸਨੀਕ ਸਨ। ਉਹ ਆਪਣੀ ਸਕੂਲ ਦੀ ਪੜ੍ਹਾਈ ਪੂਰੀ ਕਰ ਕੇ 15 ਸਾਲ ਦੀ ਉਮਰ ਵਿੱਚ ਹੀ ਪਹਿਲੀ ਸਿੱਖ ਪਲਾਟੂਨ ਵਿੱਚ ਭਰਤੀ ਹੋ ਗਿਆ। ਆਪ ਦੀ ਸ਼ਾਦੀ ਕੋਠੇ ਰੜਾ ਸਿੰਘ ਦੀ ਬੀਬੀ ਗੁਰਦਿਆਲ ਕੌਰ ਨਾਲ ਹੋਈ ਜਿਸ ਤੋਂ ਦੋ ਧੀਆਂ ਅਤੇ ਇੱਕ ਪੁੱਤਰ ਨੇ ਜਨਮ ਲਿਆ। 1962 ਦੀ ਭਾਰਤ-ਚੀਨੀ ਜੰਗ ਸਮੇਂ ਉਹ ਬੁੱਮ ਲਾਅ ਦੇ ਪਹਾੜੀ ਸਥਾਨ 'ਤੇ ਇੱਕ ਚੌਕੀ ਦੀ ਕਮਾਨ ਕਰ ਰਹੇ ਸਨ। ਆਪ ਨੇ ਬਹੁਤ ਘੱਟ ਜੰਗੀ ਹਥਿਆਰਾਂ ਅਤੇ ਫੌਜੀ ਜਵਾਨਾਂ ਦੇ ਹੁੰਦਿਆਂ ਹੀ ਚੀਨੀ ਫੌਜ ਦੇ ਦੋ ਹਮਲਿਆਂ ਨੂੰ ਪਛਾੜ ਦਿੱਤਾ ਅਤੇ ਗੰਭੀਰ ਜ਼ਖਮੀ ਹੋ ਜਾਣ ਦੇ ਬਾਵਜੂਦ ਤੀਜੇ ਹਮਲੇ ਸਮੇਂ ਹੱਥੋ-ਹੱਥੀ ਲੜਾਈ ਦੌਰਾਨ ਵੀਰਗਤੀ ਨੂੰ ਪ੍ਰਾਪਤ ਕਰ ਗਏ। ਆਪ ਦੀ ਇਸ ਬਹਾਦਰਾਨਾਂ ਕਾਰਵਾਈ ਸਦਕਾ ਆਪ ਨੂੰ ਭਾਰਤ ਦੇ ਰਾਸ਼ਟਰਪਤੀ ਨੇ 26 ਜਨਵਰੀ 1964 ਨੂੰ ਦੇਸ਼ ਦੇ ਸਭ ਤੋਂ ਉੱਚੇ ਫੌਜੀ ਸਨਮਾਨ, ਪਰਮਵੀਰ ਚੱਕਰ ਨਾਲ ਨਿਵਾਜਿਆ। ਆਪ ਦੇ ਸਨਮਾਨ ਵਿੱਚ ਮੋਗਾ ਵਿਖੇ ਆਪ ਦਾ ਬੁੱਤ ਸਥਾਪਿਤ ਕੀਤਾ ਗਿਆ ਹੈ ਅਤੇ ਇੱਕ ਪਾਰਕ, ਸਕੂਲ ਤੇ ਸੜਕ ਦਾ ਨਾਮ ਵੀ ਰੱਖਿਆ ਗਿਆ ਹੈ। ਭਾਰਤ ਦੇਸ਼, ਪੰਜਾਬ ਤੇ ਸੈਣੀ ਬਰਾਦਰੀ ਨੂੰ ਆਪਣੇ ਬਹਾਦਰ ਫੌਜੀ ਯੋਧੇ ਤੇ ਸ਼ਹੀਦ 'ਤੇ ਅੰਤਾਂ ਦਾ ਮਾਣ ਹੈ।

ਕਹਾਣੀ

# ਰੱਬਾ ਹਾਲੇ ਨਾ ਚੁੱਕੀਂ

**ਮਨਜੀਤ ਸਿੰਘ ਤੰਬੜ**
ਪੰਜੌੜ



ਕੋਵਿਡ-19 ਦੇ ਤਾਂਡਵ ਨਾਚ ਦੀ ਥਰਥਰਾਹਟ ਗਲੀ ਮੁੱਹਲੇ ਦੇ ਹਰੇਕ ਕੋਨੇ ਤੱਕ ਪਹੁੰਚ ਗਈ ਸੀ। ਬੰਦਾ ਬੰਦੇ ਤੋਂ ਡਰ ਰਿਹਾ ਸੀ। ਸਰਕਾਰਾਂ ਸਮਾਜਿਕ ਦੂਰੀ ਬਣਾਈ ਰੱਖਣ ਲਈ ਵਾਰ-ਵਾਰ ਤਾੜਨਾ ਕਰ ਰਹੀਆਂ ਸਨ। ਜੇ ਕਿਸੇ ਨੂੰ ਛਿੱਕ ਵੀ ਆ ਜਾਂਦੀ,ਤਾਂ ਕਈ ਵਾਰੀ ਉਸ ਨੂੰ ਇਧਰ ਓਧਰ ਦੇਖਣਾ ਪੈਂਦਾ।

ਉਸ ਦਾ ਕਈ ਦਿਨਾਂ ਤੋਂ ਗਲਾ ਖਰਾਬ ਚੱਲ ਰਿਹਾ ਸੀ। ਪਿਛਲੇ ਤਿੰਨ ਚਾਰ ਦਿਨਾਂ ਤੋਂ ਤਾਂ ਖੰਘ ਤੇ ਬੁਖਾਰ ਨੇ ਵੀ ਜੋਰ ਫੜ ਲਿਆ ਸੀ। ਮੰਜੇ ਦੀ ਢੋਅ ਦੇ ਸਹਾਰੇ ਬੈਠੇ ਹੀ ਉਸ ਦਾ ਪਾਣੀ ਪੀਣ ਨੂੰ ਮਨ ਕੀਤਾ। ਸਾਹਮਣੇ ਟੇਬਲ ਉੱਤੇ ਪਏ ਗਿਲਾਸ ਨੂੰ ਹੱਥ ਪਾਇਆ। ਪਾਣੀ ਠੰਢਾ ਸੀ। ਡਾਕਟਰ ਨੇ ਠੰਢਾ ਪਾਣੀ ਪੀਣ ਤੋਂ ਸਖਤ ਮਨ੍ਹਾ ਕੀਤਾ ਸੀ। ਗਿਲਾਸ ਉੱਥੇ ਹੀ ਰੱਖ ਦਿੱਤਾ।ਠੰਢੇ ਪਾਣੀ ਨਾਲ ਤਾਂ ਉਸ ਨੂੰ ਪਹਿਲਾਂ ਵੀ ਅਲਰਜੀ ਹੋ ਜਾਂਦੀ ਸੀ। ਇੱਕ ਦਮ ਖਰਖਰੀ ਜੇਹੀ ਲੱਗ ਕੇ ਗਲਾ ਖਰਾਬ ਹੋ ਜਾਂਦਾ ਸੀ। ਤਿੰਨਾਂ ਦਿਨਾਂ ਬਾਅਦ ਅੱਜ ਉਹ ਮਸਾਂ ਬਿਸਤਰੇ ਤੋਂ ਉੱਠ ਕੇ ਬੈਠਿਆ ਸੀ। ਬੁਖਾਰ ਤਾਂ ਅੱਜ ਕੁੱਝ ਘੱਟ ਲਗ ਰਿਹਾ ਸੀ ਪਰ ਸਿਰ ਦੇ ਦਰਦ ਨੂੰ ਕੋਈ ਫਰਕ ਨਹੀਂ ਸੀ। ਉਹ ਤਾਂ ਉਸੇ ਤਰਾਂ ਫਟਣ ਨੂੰ ਕਰ ਰਿਹਾ ਸੀ। ਉਸ ਨੇ ਬਾਹਰ ਵੱਲ ਨੂੰ ਝਾਕਿਆ। ਕੋਈ ਹੋਵੇ ਤਾਂ ਪਾਣੀ ਦਾ ਗਿਲਾਸ ਈ ਗਰਮ ਕਰ ਦੇਵੇ।ਪਰ ਨੌਕਰਾਣੀ ਤਾਂ ਕਦੋਂ ਦੀ ਆਪਣਾ ਕੰਮ ਮੁੱਕਾ ਕੇ ਜਾ ਚੁੱਕੀ ਸੀ। ਬਿਸਤਰੇ ਉੱਤੇ ਬੈਠੇ ਨੇ ਈ ਸਿਰਹਾਣੇ ਥੱਲੇ ਪਏ ਦੁਆਈਆਂ ਦੇ ਲਿਫਾਫੇ ਵਿੱਚੋਂ ਦਰਦ ਦੀ ਇੱਕ ਗੋਲੀ ਕੱਢ ਕੇ ਦੋ ਉਂਗਲਾਂ ਨਾਲ ਮੂੰਹ ਦੇ ਅੰਦਰ ਤੱਕ ਧੱਕ ਦਿੱਤੀ। ਪਰ ਖੁਸ਼ਕ ਗਲੇ ਵਿੱਚੋਂ ਗੋਲੀ ਅੱਗੇ ਨਾ ਗਈ। ਠੰਡੇ ਪਾਣੀ ਦੇ ਹੀ ਦੋ ਵੱਡੇ ਘੁੱਟਾਂ ਨਾਲ ਗੋਲੀ ਨੂੰ ਥੱਲੇ ਉਤਾਰਿਆ।ਬੱਸ ਫਿਰ ਕੀ ਸੀ ਖੰਘ ਨੇ ਆਪਣਾ ਜੋਰ ਅਜਮਾਉਣਾ ਸ਼ੁਰੂ ਕਰ ਦਿੱਤਾ। ਸੁੱਕੀ ਖੰਘ।ਇਹ ਤਾਂ ਦੂਸਰੀ ਖੰਘ ਤੋਂ ਵੀ ਕਿਤੇ ਭੈੜੀ ਸੀ।ਨਾ ਸੰਘ ਵਿੱਚੋਂ ਕੁੱਝ ਨਿਕਲੇ, ਨਾ ਖੰਘ ਹਟੇ। ਖੰਘ ਨੇ ਪੇਟ ਦੀਆਂ ਨਾੜਾਂ ਇਕੱਠੀਆਂ ਕਰ ਦਿੱਤੀਆਂ। ਸਾਹ ਫੁੱਲ ਗਿਆ। ਅੱਖਾਂ ਦੀਆਂ ਪੁਤਲੀਆਂ ਉਤਾਂਹ ਚੜ੍ਹ ਗਈਆਂ।

"ਓਅ..ਹੋ ਹੱਟ ਵੀ ਜਾ ਹੁਣ ਜਾਨ ਲੈ ਕੇ ਛੱਡੇਂਗੀ। ਆਹ.. ਹੋਰ ਬਿਮਾਰੀ ਆ ਪਈ"।ਸਹਿਜ ਸੁਭਾਅ ਹੀ ਉੱਸ ਦੇ ਮੂੰਹੋਂ ਨਿਕਲ ਗਿਆ।ਬੈਠੇ ਨੇ ਕਮਰੇ ਦੇ ਚਾਰੇ ਪਾਸੇ ਨਿਗ੍ਹਾ ਘੁਮਾਈ। ਉਸ ਦੇ ਆਪਣੇ ਬੈਡ ਤੋਂ ਇਲਾਵਾ ਸਾਰਾ ਕਮਰਾ ਖਾਲੀ ਸੀ। ਸਾਰੇ ਘਰ ਵਿੱਚ ਵੀ ਸਨਾਟਾ ਸੀ।ਘਰਵਾਲੀ ਕਨੇਡਾ ਜਾਣ ਵੇਲੇ ਕਮਰੇ ਦਾ ਸਾਰਾ ਗੈਰਜਰੂਰੀ ਸਮਾਨ ਸਮੇਟ ਕੇ ਦੂਸਰੇ ਕਮਰੇ ਵਿੱਚ ਰੱਖ ਗਈ ਸੀ।ਖੰਘ ਨੇ ਸਰੀਰ ਨੂੰ ਕੰਬਣੀ ਜੇਹੀ ਛੇੜ ਦਿੱਤੀ। ਦੂਰ ਕਿਤੇ ਕੋਈ ਕੁੱਤਾ ਪਤਾ ਨਹੀਂ ਕਿਉਂ ਰੋ ਰਿਹਾ ਸੀ। ਉਸ ਨੇ ਰਜਾਈ ਦਾ ਸਿਰਾ ਆਪਣੇ ਉੱਤੇ ਨੂੰ ਹੋਰ ਖਿਚ ਲਿਆ।ਉੱਸ ਨੂੰ ਕਿਸੇ ਅਨਹੋਣੀ ਤੋਂ ਖੌਫ ਆਉਣ ਲੱਗਾ।ਅਚਾਨਕ ਸਾਹਮਣੇ ਵਾਲੀ ਕੰਧ ਉੱਤੇ ਲੱਗੀ ਫੋਟੋ ਉੱਤੇ ਉਸ ਦੀ ਨਿਗ੍ਹਾ ਟਿੱਕ ਗਈ। ਪੂਰੇ ਪਰਵਾਰ ਦੀ ਇਹ ਫੋਟੋ ਉਸ ਦੇ ਲੜਕੇ ਨੇ ਕਨੇਡਾ ਜਾਣ ਵੇਲੇ ਖਿਚਵਾ ਕੇ ਲਗਵਾਈ ਸੀ।ਕਿੰਨਾ ਖੁਸ਼ ਸੀ ਉਦੋਂ ਇਹ ਸਾਰਾ ਪਰਵਾਰ ਜਦੋ ਰੱਬ ਦੀ ਮੇਹਰ ਸਦਕਾ ਪੁੱਤ, ਨੂੰਹ ਅਤੇ ਛੋਟੇ ਬਚਿਆਂ ਦਾ ਤੇ ਇੱਥੋਂ ਤੱਕ ਕਿ ਇਹਨਾਂ ਦੋਨਾਂ ਦਾ ਵੀ ਵਿਦੇਸ਼ ਜਾਣ ਲਈ ਕੰਮ ਬਣਿਆ ਸੀ।ਵਾਹਿਗੁਰੂ ਜੀ ਦਾ ਲੱਖ ਲੱਖ ਵਾਰੀ ਸ਼ੁਕਰਾਨਾ ਕੀਤਾ ਸੀ ਓਦੋਂ ਏਨ੍ਹਾਂ।

ਆਪਣੀ ਨੌਕਰੀ ਦੀ ਮਜਬੂਰੀ ਕਾਰਣ ਇਸ ਨੂੰ ਪਿਛੇ ਰਹਿਣਾ ਪਿਆ। ਨੌਕਰੀ ਦੇ ਹਾਲੇ ਛੇ ਮਹੀਨੇ ਬਾਕੀ ਸਨ।ਪੁੱਤ ਨੇ ਪਿਤਾ ਜੀ ਦੀ ਸਹੂਲਤ ਲਈ ਘਰ ਵਿੱਚ ਨੌਕਰਾਣੀ ਦਾ ਪ੍ਰਬੰਧ ਕਰ ਦਿੱਤਾ। ਡਾਕਟਰ ਨੂੰ ਵੀ ਘਰ ਕਦੀ ਕਿਤੇ ਗੇੜਾ ਮਾਰਨ ਲਈ ਆਖ ਗਿਆ। ਫਿਰ ਹਾਲੇ ਕਿਹੜੀ ਐਡੀ ਸਿਆਣੀ ਉਮਰ ਸੀ।

ਘਰਵਾਲੀ ਨੇ ਜਾਣ ਤੋਂ ਪਹਿਲਾਂ ਜਰੂਰ ਪੈਰ ਅੜਾਏ ਸਨ।"ਮੇਰਾ ਦਿਲ ਨੀ ਕਰਦਾ ਤੁਹਾਨੂੰ ਕੱਲਿਆਂ ਛੱਡ ਕੇ ਜਾਣ ਨੂੰ। ਆਪਾਂ ਦੋਨੋ ਬਾਦ 'ਚ'ਚਲਾਂਗੇ, ਥੋੜੀ ਰਟਾਇਰਮੈਂਟ ਹੋਣ ਤੇ"।

ਉਹ ਨੇ ਝੱਟ ਡੋਲਦੀ ਘਰਵਾਲੀ ਨੂੰ ਸੰਭਾਲ ਲਿਆ।"ਹੈਂਅ..! ਕੀ ਕਰਦੀ ਕਮਲੀ , ਏਦਾਂ ਦੇ ਮੌਕੇ ਵਾਰ ਵਾਰ ਨੀ ਮਿਲਦੇ ਹੁੰਦੇ।ਰੱਬ ਦਾ ਸ਼ੁਕਰ ਕਰ, ਜੀਹਨੇ ਤੇਰੀ ਫਰਿਆਦ ਏਨੀ ਛੇਤੀਂ ਸੁਣੀ, ਨਈਂ ਤਾਂ ਵਰ੍ਹੇ ਬੀਤ ਜਾਂਦੇ ਐਦਾਂ ਦੇ ਕੰਮ ਬਣਨ ਨੂੰ।ਮੈਂ ਵੀ ਆਇਆ ਤੁਹਾਡੇ ਮਗਰੇ।ਛੇ ਮਹੀਨੇ ਲੰਘਣ ਨੂੰ ਕੇੜ੍ਹੇ ਗੋਡੇ ਲੱਗਣੇ..ਆਂ"।

ਸਾਰਾ ਟੱਬਰ ਕਨੇਡਾ ਚਲਾ ਗਿਆ। ਪਿੱਛੇ ਰਹਿ ਗਿਆ ਇਕੱਲਾ। ਛੇ ਮਹੀਨੇ ਪਿੱਛੋਂ ਨੌਕਰੀ ਤੋਂ ਫਾਰਗ ਵੀ ਹੋ ਗਿਆ। ਕੋਈ ਐਸਾ ਵਿਘਨ ਪਿਆ ਕਿ ਮੁੜ ਕਨੇਡਾ ਦਾ ਕੰਮ ਨਾ ਬਣਿਆ। ਘਰਵਾਲੀ ਉਧਰ ਜਾ ਕੇ ਬਿਮਾਰ ਰਹਿਣ ਲੱਗ ਪਈ। ਏਹ ਏਧਰ ਸਾਰੀਆਂ ਸਹੂਲਤਾਂ ਹੁੰਦਿਆਂ ਵੀ ਸਰੀਰਕ ਪੱਖੋਂ ਝੜਦਾ ਗਿਆ। ਕੰਮਜੋਰੀ ਰਹਿਣ ਲੱਗ ਪਈ। ਕੰਮਜੋਰੀ ਨਾਲ ਬੁਖਾਰ ਵੀ ਚੜ੍ਹ ਜਾਂਦਾ। ਕਦੀ ਆਪ ਜਾ ਕੇ ਡਾਕਟਰ ਪਾਸੋਂ ਦੁਆਈ ਲੈ ਆਉਂਦਾ ਜਾਂ ਡਾਕਟਰ ਆਪ ਵੀ ਆ ਕੇ ਦੁਆਈ ਦੀ ਇਕ ਖੁਰਾਕ ਖੁਆ ਜਾਂਦਾ, ਬਾਕੀ ਦੁਆਈ ਜਰੂਰਤ ਅਨੁਸਾਰ ਸਮਝਾ ਕੇ ਇਕ ਕਾਗਜ ਵਿੱਚ ਲਪੇਟ ਕੇ ਦੇ ਜਾਂਦਾ। ਇਸ ਵਾਰੀ ਤਾਂ ਬੁਖਾਰ ਨੇ ਅੱਤ ਈ ਕਰ ਦਿੱਤੀ। ਹਟਣ ਦਾ ਨਾ ਈ ਨਾ ਲਵੇ।

ਸਾਰਾ ਟੱਬਰ ਆਪਣੀ ਆਪਣੀ ਜਗ੍ਹਾ ਬੇਬੱਸ ਸੀ। ਕਦੀ ਬੱਚਿਆਂ ਨੂੰ ਸਕੂਲੋਂ ਛੁੱਟੀਆਂ ਨਾ ਹੁੰਦੀਆਂ ਕਦੇ ਨੂੰਹ-ਪੁੱਤ ਨੂੰ ਕੰਮ ਤੋਂ ਛੁੱਟੀ ਨਾ ਮਿਲਦੀ। ਉਨ੍ਹਾਂ ਦਿਨਾਂ ਵਿੱਚ ਗੋਰੇ ਲੋਕ ਸਾਡੇ ਲੋਕਾਂ ਦੀਆਂ ਛੁੱਟੀਆਂ ਬੰਦ ਕਰਕੇ ਆਪ ਬੱਚਿਆਂ ਨਾਲ

ਘੁੰਮਣ ਫਿਰਨ ਨਿਕਲ ਜਾਂਦੇ। ਹਰ ਵਾਰ ਪੁੱਤਰ ਦੀ ਟੈਲੀਫੂਨ ਤੇ ਇਹ ਹੀ ਨਸੀਹਤ ਹੁੰਦੀ, "ਡੈਡੀ ਧਿਆਨ ਰੱਖੀਂ ਆਪਣਾ। ਪੈਸੇ ਦਾ ਫਿਕਰ ਨਾ ਕਰੀਂ, ਟੈਮ ਲੱਗਾ ਤਾਂ ਦੋ ਕੁ ਮਹੀਨਿਆਂ ਤੱਕ ਮਿਲਣ ਆਉਂਦਾਂ ਥੋਨੂੰ"। ਉਹ ਆਖਦਾ,"ਮੇਰੇ ਕੋਲ ਕੇਹੜੇ ਪੈਸੇ ਦੀ ਕਮੀਂ ਆ,ਪਰ ਪੁੱਤਰ ਅੰਬਾਂ ਦੀ ਭੁੱਖ ਬਾਖੜੀਆਂ ਨਾਲ ਨਹੀ ਮਿਟਦੀ ਹੁੰਦੀ"। ਉਹ ਪੁੱਤਰ ਨੂੰ ਇਸ਼ਾਰੇ ਨਾਲ ਆਪਣੇ ਦਿਲ ਦੀ ਗੁੱਝੀ ਰਮਜ ਦੱਸਦਾ। ਪੁੱਤਰ ਦੀਆਂ ਅੱਖਾਂ ਵਿੱਚ ਅੱਥਰੂ ਆ ਜਾਂਦੇ। ਪਰ ਬੇਵੱਸ ਸੀ। ਇਸੇ ਤਰਾਂ ਕਰਦੇ ਨੂੰ ਦੋ ਸਾਲ ਹੋਰ ਲੰਘ ਗਏ, ਟੱਬਰ ਨੂੰ ਉਡੀਕ ਦਿਆਂ। ਇਹਨਾਂ ਦੋ ਸਾਲਾਂ ਵਿੱਚ ਸੇਹਤ ਹੋਰ ਡਿੱਗ ਗਈ।

ਪਤਾ ਨਹੀਂ ਕਿਉਂ, ਹੁਣ ਤਾਂ ਪੁੱਤ ਦਾ ਕਈ ਚਿਰਾਂ ਤੋ ਫੋਨ ਵੀ ਨਹੀਂ ਸੀ ਆਇਆ। ਘਰਵਾਲੀ ਨਾਲ ਗੱਲਬਾਤ ਕੀਤੀ ਨੂੰ ਤਾਂ ਕਈ ਮਹੀਨੇ ਹੋ ਗਏ ਸਨ। ਮਨ ਹਿਰਖ ਨਾਲ ਭਰ ਗਿਆ। "ਕਿਸੇ ਨੂੰ ਵੀ ਫਿਕਰ ਨਹੀਂ ਉਹਦਾ" ਅੱਖਾਂ ਨਮ ਹੋ ਗਈਆਂ। ਕਮਰੇ ਦੀ ਇਕਾਂਤ ਵੱਲ ਵੇਖ ਕੇ ਉਹ ਹੋਰ ਘਬਰਾ ਗਿਆ। ਅੰਦਰੋਂ ਉਠੀ ਪੀੜ ਸਹਾਰਨ ਤੋਂ ਬਾਹਰ ਹੁੰਦੀ ਗਈ। ਉਸ ਦੇ ਹੱਥ ਆਪਣੇ ਆਪ ਜੁੜ ਗਏ। "ਰੱਬਾ ਹਾਲੇ ਨਾ ਚੁੱਕੀਂ, ਕੋਈ ਲਾਂਬੂ ਲੌਣ ਵਾਲਾ ਵੀ ਨੀ ਮਿਲਨਾ ਏਸ ਦੇਹ ਨੂੰ। ਸਰੀਰ ਕੰਬਣ ਲੱਗ ਪਿਆ। ਕੰਬਦਾ ਸਰੀਰ ਇਕ ਦਮ ਸ਼ਾਂਤ ਹੋ ਗਿਆ। ਸਵੇਰੇ ਆਈ ਨੌਕਰਾਣੀ ਨੇ ਇਸ ਮੌਤ ਦੀ ਖਬਰ ਸੇਹਤ ਵਿਭਾਗ ਨੂੰ ਕਰ ਦਿੱਤੀ। ਆਈ ਡਾਕਟਰਾਂ ਦੀ ਟੀਮ ਨੇ ਰੈਪਿਡ ਟੈਸਟ ਦੁਆਰਾ ਕਰੋਨਾ ਪੌਜਿਟਵ ਘੋਸ਼ਤ ਕਰ ਦਿੱਤਾ। ਫਿਰ ਕੀ ਸੀ। ਖਬਰ ਨੂੰ ਆਏ ਸਾਰੇ ਗੁਆਂਢੀ ਵੀ ਇਕ ਇਕ ਕਰਕੇ ਖਿਸਕ ਗਏ। ਅਗਲੇ ਦਿਨ ਪੁੱਤਰ ਦੇ ਸਾਹਮਣੇ ਖਬਰ ਸੀ, 'ਕਰੋਨਾਂ ਨਾਲ ਹੋਈ ਮੌਤ ਦੇ ਸਸਕਾਰ ਸਮੇਂ ਸਰਕਾਰੀ ਕਰਮਚਾਰੀਆਂ ਤੋਂ ਇਲਾਵਾ ਇਤਿਆਦ ਵਜੋਂ ਕਿਸੇ ਨੂੰ ਵੀ ਨਜ਼ਦੀਕ ਨਹੀ ਆਉਣ ਦਿੱਤਾ'।

❋ ❋ ❋ ❋ ❋

## ਅੰਤਰਝਾਤ

ਸਾਡਾ ਮਨ ਬਾਹਰ ਵੱਲ ਦੇਖਣ ਦਾ ਆਦੀ ਹੋਇਆ ਰਹਿੰਦਾ ਹੈ। ਅਸੀਂ ਆਪਣੇ ਅੰਦਰ ਕਦੇ ਘੱਟ ਹੀ ਝਾਤ ਮਾਰਦੇ ਹਾਂ। ਅੰਤਰਝਾਤ ਦਾ ਅਭਿਆਸ ਮਨ ਨੂੰ ਸਮਝਣ ਤੇ ਸੰਵਾਰਨ ਲਈ ਬੁਨਿਆਦੀ ਸਾਧਨ ਹੈ। ਅੰਤਰਝਾਤ ਜਦੋਂ ਅੱਗੇ ਵਿਗਾਸ ਕਰਦੀ ਹੈ ਤਾਂ ਅੰਤਰ-ਧਿਆਨ ਹੋ ਨਿੱਬੜਦੀ ਹੈ। ਜਿਨ੍ਹਾਂ ਅੰਦਰ ਧਿਆਨ ਲਾਇਆ ਹੈ ਉਨ੍ਹਾਂ ਹੀ ਚੇਤਨਾ ਨੂੰ ਜਾਣਿਆ ਹੈ। ਉਨ੍ਹਾਂ ਨੇ ਚੇਤਨਾ ਦੇ ਅਨੇਕ ਪੱਧਰ ਡਿੱਠੇ ਵੀ ਹਨ ਤੇ ਕਥੇ ਵੀ ਹਨ। ਜਿਨ੍ਹਾਂ ਆਪਣਾ ਅੰਦਰਾ ਕਦੇ ਨਹੀਂ ਫੋਲਿਆ ਉਹ ਚੇਤਨਾ ਦਾ ਥਹੁ ਕਿਵੇਂ ਪਾ ਸਕਦੇ ਹਨ?



## ਝੂਠੀਆਂ ਤਸੱਲੀਆਂ

ਅਮਰੀਕ ਹਮਰਾਜ਼

ਸਾਨੂੰ ਝੂਠੀਆਂ ਤਸੱਲੀਆਂ ਨਾ ਰਹਿਮਤਾਂ ਦੀ ਲੋੜ,
ਸਾਨੂੰ ਰਹਿਣ ਦੇ ਗਰੀਬ ਸਾਨੂੰ ਤੰਗ ਰਹਿਣ ਦੇ।

ਕਾਜੂ ਪਿੰਨੀਆਂ ਬਦਾਮ ਦੇਖ ਚੱਲਦੇ ਲੰਗਰ,
ਇਹੋ ਜਿਹੇ ਅਸੀਂ ਨੰਗ ਸਾਨੂੰ ਨੰਗ ਰਹਿਣ ਦੇ।

ਜੇ ਹੋਵੇਂ ਕਿਤੇ ਰੱਬਾ ਮਿਹਰ ਕਰੀਂ ਸਾਡੇ ਉੱਤੇ,
ਤੇਗਾਂ ਸਾਡੀਆਂ ਦੇ ਉੱਤੇ ਰੰਗ ਲਾਲ ਰਹਿਣ ਦੇ।

ਸਾਨੂੰ ਆਉਂਦੇ ਨਹੀਂ ਹੱਕਾਂ ਲਈ ਨੱਕ ਰਗੜਾਉਣੇ,
ਸਾਡੇ ਲਿਖੀ ਹੋਈ ਲੇਖਾਂ ਵਿੱਚ ਜੰਗ ਰਹਿਣ ਦੇ।

ਦੇਵੀਂ ਉੱਚਿਆਂ ਘਰਾਣਿਆਂ ਦਾ ਆਸਰਾ ਵੈਰੀ ਨੂੰ,
ਇੱਕ ਬਾਜਾਂ ਵਾਲਾ ਸਾਡੇ ਅੰਗ ਸੰਗ ਰਹਿਣ ਦੇ।

❋ ❋ ❋ ❋ ❋

## ਨਿਮਰਤਾ

ਵਰਖਾ ਦੀ ਇੱਕ ਬੂੰਦ ਬੱਦਲਾਂ 'ਚੋਂ ਡਿਗੀ,
ਜਦੋਂ ਉਸ ਨੇ ਸਮੁੰਦਰ ਦੀ ਵਿਸ਼ਾਲਤਾ ਦੇਖੀ ਤਾਂ ਉਹ ਸ਼ਰਮਾ ਗਈ।
ਉਸ ਨੇ ਸੋਚਿਆ ਜਿੱਥੇ ਸਮੁੰਦਰ ਹੈ,
ਉੱਥੇ ਮੇਰੀ ਕੀ ਹਸਤੀ?
ਸਿੱਪੀ ਨੇ ਉਸ ਨੂੰ ਆਪਣੀ ਗੋਦ ਵਿੱਚ ਪਾਲ ਲਿਆ।
ਉਸ ਨੂੰ ਅਜਿਹੀ ਪੱਦਵੀ 'ਤੇ ਪਹੁੰਚਾਇਆ,
ਕਿ ਉਹ ਬਾਦਸ਼ਾਹਾਂ ਦੀ ਚਹੇਤੀ ਮੋਤੀ ਬਣ ਗਈ।
ਉੱਚਤਾ ਉਸ ਨੇ ਹਾਸਲ ਕੀਤੀ ਜਿਸ ਨੇ ਨਿਮਰਤਾ ਧਾਰੀ,
ਜਿਸ ਨੇ ਆਪਣੇ ਆਪ ਨੂੰ ਮਿਟਾ ਦਿੱਤਾ,
ਉਹ ਅਮਰ ਹੋ ਗਿਆ,
ਜਿਵੇਂ ਫਲ ਨਾਲ ਲੱਦੀ ਟਾਹਣੀ
ਜ਼ਮੀਨ 'ਤੇ ਝੁਕ ਜਾਂਦੀ ਹੈ।

ਸ਼ੇਖ ਸਾਅਦੀ

❋ ❋ ❋ ❋ ❋

ਹਰ ਮੋੜ 'ਤੇ ਸਲੀਬਾਂ
ਹਰ ਪੈਰ 'ਤੇ ਹਨੇਰਾ।
ਫਿਰ ਵੀ ਅਸੀਂ ਰੁਕੇ ਨਾ,
ਸਾਡਾ ਵੀ ਦੇਖ ਜੇਰਾ।

ਡਾ. ਜਗਤਾਰ



# ਇਕਲਾਪੇ ਦਾ ਸਾਥੀ - ਮਸ਼ੀਨੀ ਮਨੁੱਖ

ਇੰਜ: ਰਾਜਵਿੰਦਰ ਸਿੰਘ
ਰੈਡਿੰਗ (ਯੂ.ਕੇ.)

ਇਕਲਾਪਾ ਜਾਂ ਇਕੱਲਤਾ, ਆਧੁਨਿਕ ਯੁੱਗ ਦੀ ਦੇਣ ਹੈ। ਇਹ ਮਨੁੱਖ ਦੀ ਮਾਨਸਿਕਤਾ ਨੂੰ ਟੁੰਬਦਾ ਤੇ ਕਸ਼ਟ ਦਿੰਦਾ ਹੈ। ਇਕੱਲਤਾ ਨੂੰ ਅਮਰੀਕੀ ਲੇਖਕ ਤੇ ਗਾਇਕ ਏਕਨ ਨੇ ਬੜੇ ਹੀ ਹਿਰਦੇ-ਵੇਧਕ ਸ਼ਬਦਾਂ ਵਿੱਚ ਪ੍ਰਗਟ ਕੀਤਾ ਹੈ-

Lonely, I'm Mr. Lonely
I have no body for my own
Oh, I'm so lonely
I'm Mr. Lonely
I have nobody for my own


ਇਹ ਗੀਤ ਇਕਦਮ ਸਾਰੀ ਦੁਨੀਆਂ ਵਿੱਚ ਹਰਮਨ ਪਿਆਰਾ ਹੋ ਗਿਆ ਸੀ।

ਤੱਥ ਬੋਲਦੇ ਹਨ ਕਿ ਕੇਵਲ ਯੂ.ਕੇ. ਵਿੱਚ ਹੀ ਸਾਲ 2026 ਤੱਕ ਪੰਜਾਹ ਸਾਲ ਤੋਂ ਵੱਧ ਉਮਰ ਦੇ ਇਕਲਾਪਾ ਭੋਗਦੇ ਲੋਕਾਂ ਦੀ ਗਿਣਤੀ ਦੋ ਮਿਲੀਅਨ (ਵੀਹ ਲੱਖ) ਤੱਕ ਪੁੱਜ ਜਾਏਗੀ। ਇਸ ਦਾ ਭਾਵ ਹੈ ਕਿ 49% ਦਾ ਵਾਧਾ ਹੋ ਜਾਏਗਾ। ਇਕਲਾਪੇ ਦੀ ਸਮੱਸਿਆ ਨੇ ਕੋਵਿਡ-19 ਦੀ ਮਹਾਂਮਾਰੀ ਦੌਰਾਨ ਹੋਰ ਵੀ ਭਿਆਨਕ ਰੂਪ ਧਾਰਨ ਕਰ ਲਿਆ ਹੈ। ਬਜ਼ੁਰਗਾਂ ਲਈ ਬਣੇ ਦੇਖਭਾਲ ਘਰਾਂ ਵਿੱਚ ਤਾਇਨਾਤ ਕਰਮਚਾਰੀ ਇਸ ਮਹਾਂਮਾਰੀ ਵਿਰੁੱਧ ਲੜਨ ਵਿੱਚ ਹੀ ਰੁੱਝੇ ਹੋਣ ਕਾਰਨ ਬਜ਼ੁਰਗਾਂ ਨਾਲ ਉਨ੍ਹਾਂ ਦੀ ਗੱਲਬਾਤ ਲੱਗਭੱਗ ਠੱਪ ਹੀ ਰਹੀ। ਕਿਆਸ ਕਰੋ ਅਜਿਹੇ ਮਨੁੱਖਾਂ ਦੀ ਮਾਨਸਿਕ ਦਸ਼ਾ ਦੀ, ਜੋ ਘੰਟਿਆਂਬੱਧੀ ਬੰਦ ਕਮਰੇ ਵਿੱਚ ਬਿਨਾਂ ਕਿਸੇ ਨਾਲ ਗੱਲਬਾਤ ਕੀਤਿਆਂ ਬਿਤਾਉਂਦੇ ਹਨ। ਇਸ ਇਕੱਲਤਾ ਨੂੰ ਘਟਾਉਣ ਲਈ ਬਜ਼ੁਰਗਾਂ ਨੂੰ ਕਿਸੇ ਸਹਾਇਤਾ ਦੀ ਅਤਿਅੰਤ ਲੋੜ ਹੈ।

ਜੇ ਇਹ ਕੰਮ ਮਨੁੱਖ ਨਹੀਂ ਕਰ ਸਕਦਾ ਤਾਂ ਕੌਣ ਕਰੇਗਾ? ਹਾਂ! ਇੱਕ ਮਸ਼ੀਨੀ ਮਨੁੱਖ ਹੈ। ਇਹ ਹੈ- ਰੋਬੋਟ, ਪੈਪਰ(Pepper)।

ਇਹ ਵਿਸ਼ੇਸ਼ ਤੌਰ 'ਤੇ ਤਿਆਰ ਕੀਤੀਆਂ, 4 ਫੁੱਟ ਉੱਚੀਆਂ ਤੇ 28 ਕਿਲੋ ਭਾਰੀਆਂ ਮਸ਼ੀਨਾਂ ਹਨ ਜੋ ਦੇਖਭਾਲ ਕੇਂਦਰਾਂ ਵਿੱਚ ਜਾ ਕੇ ਬਜ਼ੁਰਗਾਂ ਨਾਲ ਗੱਲਬਾਤ ਕਰਦੀਆਂ ਹਨ ਅਤੇ ਉਨ੍ਹਾਂ ਦੇ ਇਕਲਾਪੇ ਨੂੰ ਦੂਰ ਕਰਦੀਆਂ ਹਨ। ਇਹ ਮਸ਼ੀਨੀ ਮਨੁੱਖ ਆਮ ਮਨੁੱਖ ਵਾਂਗ ਆਪਣੀ ਬਨਾਵਟੀ ਸਿਆਣਪ ਦੀ ਵਰਤੋਂ ਕਰਦੇ ਹਨ। ਇਹ ਮਸ਼ੀਨ ਲੋਕਾਂ ਨਾਲ ਕੁੱਝ ਸਮਾਂ ਗੱਪਸ਼ੱਪ ਮਾਰ ਕੇ ਉਨ੍ਹਾਂ ਦੀਆਂ ਮਨੋਬਿਰਤੀਆਂ ਤੇ ਚਾਹਤਾਂ ਦਾ ਪਤਾ ਲਗਾ ਲੈਂਦੀ ਹੈ। ਇੰਨਾਂ ਹੀ ਨਹੀਂ, ਇਹ ਮਸ਼ੀਨ ਸਾਜ਼ ਵਜਾ ਸਕਦੀ ਹੈ ਅਤੇ ਸਰੀਰਿਕ ਵਰਜ਼ਿਸ਼ ਦੀਆਂ ਕ੍ਰਿਆਵਾਂ ਦੀਆਂ ਜਮਾਤਾਂ ਵੀ ਲਗਾ ਸਕਦੀ ਹੈ। ਇਹ ਮਸ਼ੀਨ ਬਜ਼ੁਰਗਾਂ ਨਾਲ ਗੱਲਬਾਤ ਕਰ ਕੇ ਉਨ੍ਹਾਂ ਦੀ ਦੇਖਭਾਲ ਕਰਨ ਵਾਲੇ ਕਰਿੰਦਿਆਂ ਨੂੰ ਯੋਗ ਸਲਾਹ ਵੀ ਦੇਣ ਦੇ ਸਮਰੱਥ ਹੈ।

ਪੈਪਰ ਦੁਨੀਆਂ ਦੀ ਪਹਿਲੀ ਸਮਾਜਿਕ ਮਾਨਵਵਾਦੀ ਮਸ਼ੀਨ ਹੈ ਜੋ ਮਨੁੱਖ ਦੇ ਚਿਹਰੇ ਦੇ ਹਾਵਭਾਵਾਂ ਤੇ ਆਵਾਜ਼ ਨੂੰ ਪਛਾਣ ਕੇ ਉਸ ਦੀਆਂ ਭਾਵਨਾਵਾਂ ਜਾਣ ਸਕਦੀ ਹੈ। ਇਸ ਨੂੰ ਸਾਫਟਬੈਂਕ ਰੋਬੋਟਿਕਸ ( ਪਹਿਲਾਂ ਐਲਡੇਬਰਨ ਰੋਬੋਟਿਕਸ) ਨੇ ਤਿਆਰ ਕੀਤਾ ਹੈ। ਇਹ ਵਿਸ਼ੇਸ਼ ਤੌਰ 'ਤੇ ਮਨੁੱਖੀ ਭਾਵਨਾਵਾਂ ਅਤੇ ਜਜ਼ਬਾਤਾਂ ਨੂੰ ਪੜ੍ਹਨ ਦੀ ਯੋਗਤਾ ਰਖਦੀ ਹੈ। ਇਹ ਰੋਬੋਟ ਸਭ ਤੋਂ ਪਹਿਲਾਂ ਟੋਕੀਓ ਵਿੱਚ 5 ਜੂਨ 2014 ਨੂੰ ਇੱਕ ਕਾਨਫਰੰਸ ਸਮੇਂ ਲਾਂਚ ਕੀਤੀ ਗਈ ਸੀ। ਇਸ ਸਮੇਂ ਵਿਸ਼ਵ ਦੇ 70 ਦੇਸ਼ਾਂ ਵਿੱਚ 25000 ਪੈਪਰ ਹੋਟਲਾਂ, ਸਿੱਖਿਆ ਸੰਸਥਾਵਾਂ, ਖੋਜ ਕੇਂਦਰਾਂ, ਸਿਹਤ ਅਦਾਰਿਆਂ, ਬੈਂਕਾਂ ਤੇ ਹਵਾਈ ਅੱਡਿਆਂ ਵਿੱਚ ਮਨੁੱਖਾਂ ਦੀ ਆਉਭਗਤ ਤੇ ਦਿਲਬਹਿਲਾਵੇ ਲਈ ਵਰਤੇ ਜਾ ਰਹੇ ਹਨ।



ਜਾਪਾਨ ਦੇ ਹਜ਼ਾਰਾਂ ਘਰਾਂ ਵਿੱਚ ਇਨ੍ਹਾਂ ਦੀ ਵਰਤੋਂ ਹੋ ਰਹੀ ਹੈ। 9 ਜੁਲਾਈ 2020 ਨੂੰ ਪੈਪਰ ਦੀਆਂ ਦੋ ਟੀਮਾਂ ਨੇ ਬੇਸਬਾਲ ਖੇਡ ਕੇ ਦਰਸ਼ਕਾਂ ਦਾ ਖੂਬ ਮਨੋਰੰਜਨ ਕੀਤਾ ਸੀ। ਇੱਕ ਪੈਪਰ ਦੀ ਕੀਮਤ 1600 ਡਾਲਰ ਦੇ ਕਰੀਬ ਹੈ।

ਦੇਖਭਾਲ ਘਰਾਂ ਵਿੱਚ ਕੰਮ ਕਰਦੇ ਪੈਪਰ ਦੇ ਵਿਸ਼ੇਸ਼ ਸਾਫਟਵੇਅਰ ਦਾ ਨਾਮ ਕੇਅਰੈਸਸ( CARESSES) ਹੈ। CARESSES, Culture Aware Robots and Environmental Sense of Systems for Elderly Support ਦਾ ਸੰਖੇਪ ਰੂਪ ਹੈ। ਇਹ ਇੱਕ ਅੰਤਰਰਾਸ਼ਟਰੀ ਪ੍ਰਾਜੈਕਟ ਸੀ ਜਿਸ ਦਾ ਖਰਚ ਯੂਰਪੀਅਨ ਕਮਿਸ਼ਨ ਅਤੇ ਜਾਪਾਨ ਦੀ ਮਨਿਸਟਰੀ ਆਫ ਇੰਟਰਨਲ ਅਫੇਅਰਜ਼ ਐਂਡ ਕਮਿਊਨੀਕੇਸ਼ਨ ਨੇ ਕੀਤਾ ਸੀ। ਇਹ ਪ੍ਰਾਜੈਕਟ 1 ਜਨਵਰੀ, 2017 ਨੂੰ ਆਰੰਭ ਹੋ ਕੇ ਕੋਵਿਡ-19 ਮਹਾਂਮਾਰੀ ਦੇ ਯੂਰਪੀਅਨ ਸੀਮਾਵਾਂ ਵਿੱਚ ਦਾਖਲ ਹੋਣ ਸਮੇਂ 31 ਜਨਵਰੀ 2020 ਪੂਰਾ ਹੋਇਆ ਸੀ।

ਇਸ ਮਸ਼ੀਨੀ ਮਨੁੱਖ ਦੀ ਕਾਰਗੁਜ਼ਾਰੀ ਦਾ ਅਧਿਐਨ ਕਰਨ 'ਤੇ ਪਤਾ ਲੱਗਾ ਹੈ ਕਿ ਦੋ ਹਫਤੇ ਇਸ ਦੀ ਵਰਤੋਂ ਕਰਨ ਨਾਲ ਬਜ਼ੁਰਗਾਂ ਦੀ ਇਕਲਾਪਾ ਭਾਵਨਾ ਵਿੱਚ ਵਰਣਨਯੋਗ ਕਮੀ ਆ ਜਾਂਦੀ ਹੈ। ਕਿਸੇ ਮਸ਼ੀਨ ਲਈ ਇਹ ਪ੍ਰਾਪਤੀ ਸ਼ਲਾਘਾਯੋਗ ਹੈ। ਜੋ ਅਤਿ ਜ਼ਰੂਰੀ, ਗੰਭੀਰ ਤੇ ਮੁਸ਼ਕਲ ਸਮਾਜਿਕ ਕੰਮ ਮਨੁੱਖ ਨਹੀਂ ਕਰ ਸਕਿਆ ਉਹ ਇੱਕ ਮਸ਼ੀਨ ਨੇ ਕਰ ਦਿਖਾਇਆ ਹੈ। ਇਸ ਮਸ਼ੀਨ ਨੂੰ ਸਲਾਮ।

ਸੈਣੀ ਬਰਾਦਰੀ ਦੀ ਸਮਾਜ ਨੂੰ ਅਦੁੱਤੀ ਦੇਣ

# ਫੁੱਟਬਾਲ ਖਿਡਾਰੀ ਇੰਦਰ ਸਿੰਘ

**ਇਕਬਾਲ ਸਿੰਘ**
ਪੇਂਡੂ ਫੁੱਟਬਾਲ ਪ੍ਰਮੋਸ਼ਨਲ ਗਰੁੱਪ, ਪੰਜਾਬ

ਫੁੱਟਬਾਲ ਖੇਡ ਜਗਤ ਵਿਚ 'ਇੰਦਰੇ' ਵਜੋਂ ਜਾਣੇ ਜਾਂਦੇ ਇੰਦਰ ਸਿੰਘ ਨੇ ਪੂਰੇ ਭਾਰਤ ਵਿਚ ਆਪਣੇ ਨਾਂ ਦੀ ਛਾਪ ਛੱਡੀ। ਇੰਦਰ ਸਿੰਘ ਦਾ ਜਨਮ 1943 ਨੂੰ ਫਗਵਾੜਾ ਦੇ ਸੈਣੀ ਪਰਿਵਾਰ ਵਿੱਚ ਹੋਇਆ। 1960 ਵਿਚ ਲੀਡਰ ਕਲੱਬ ਜਲੰਧਰ ਦੀ ਫੁੱਟਬਾਲ ਟੀਮ ਤੋਂ ਸ਼ੁਰੂਆਤ ਕਰਕੇ ਇੰਦਰ ਨੇ 1974 ਵਿਚ ਜਲੰਧਰ ਦੇ ਸ਼੍ਰੀ ਗੁਰੂ ਗੋਬਿੰਦ ਸਿੰਘ ਸਟੇਡੀਅਮ ਵਿਚ ਖੇਡੀ ਗਈ ਸੰਤੋਸ਼ ਟਰਾਫ਼ੀ ਵਿਚ ਪੰਜਾਬ ਦੀ ਤਰਫ਼ੋਂ ਖੇਡਦਿਆਂ ਸਭ ਤੋਂ ਵੱਧ ਗੋਲ ਕਰਕੇ ਇਤਿਹਾਸ ਰਚਿਆ। ਪੰਜਾਬ ਦੀ ਟੀਮ ਨੇ ਕੁੱਲ 46 ਗੋਲ ਕੀਤੇ ਜਿਨ੍ਹਾਂ ਵਿੱਚ 23 ਗੋਲ 'ਕੱਲੇ ਇੰਦਰ ਨੇ ਕੀਤੇ। ਇਹ ਰਿਕਾਰਡ ਹਾਲੇ ਤੱਕ ਕੋਈ ਤੋੜ ਨਹੀਂ ਸਕਿਆ। ਇੰਡੀਆ ਲੀਗ ਦੇ ਮੈਚ ਵੀ ਇੱਥੇ ਖੇਡੇ ਜਾਂਦੇ ਸਨ। ਪੰਜਾਬ-ਗੋਆ ਦੇ ਫਾਇਨਲ ਵਿਚ 6 ਗੋਲਾਂ 'ਚੋਂ 3 ਗੋਲ ਇਕੱਲੇ ਇੰਦਰ ਸਿੰਘ ਨੇ ਕੀਤੇ ਸਨ। ਪੰਜਾਬ-ਬੰਗਾਲ ਮੈਚ ਵਿਚ 6-0 ਨਾਲ ਪੰਜਾਬ ਨੇ ਵੱਡੀ ਜਿੱਤ ਪ੍ਰਾਪਤ ਕੀਤੀ। ਇੰਦਰ ਸਿੰਘ ਇਸ ਸਾਰੇ ਮੈਚ ਵਿੱਚ ਛਾਇਆ ਰਿਹਾ। ਉਹ ਡਿਫ਼ੈਂਡਰਾਂ 'ਤੇ ਹਮੇਸ਼ਾਂ ਭਾਰੂ ਰਹਿੰਦਾ। ਦੇਸ਼ ਦੀ ਵੰਡ ਹੋਈ, ਸਰਕਾਰਾਂ ਬਦਲਦੀਆਂ ਗਈਆਂ ਪਰ ਹਾਲੇ ਤੱਕ ਭਾਰਤ ਨੂੰ ਇੰਦਰ ਸਿੰਘ ਵਰਗਾ ਖਿਡਾਰੀ ਨਹੀਂ ਮਿਲਿਆ।

ਸੰਨ 1963 'ਚ ਉਹ ਭਾਰਤੀ ਟੀਮ ਦਾ ਪਲੇਇੰਗ ਮੈਂਬਰ ਬਣਿਆ। 1964 ਦੀਆਂ ਇਜ਼ਰਾਈਲ ਵਿਖੇ ਏਸ਼ੀਅਨ ਖੇਡਾਂ ਵਿਚ ਉਸ ਨੂੰ "**ਬੈਸਟ ਰਾਈਟ ਆਊਟ**" ਘੋਸ਼ਿਤ ਕੀਤਾ ਗਿਆ। ਇਨ੍ਹਾਂ ਖੇਡਾਂ ਵਿਚ ਭਾਰਤੀ ਫੁੱਟਬਾਲ ਟੀਮ ਨੇ ਸਿਲਵਰ ਮੈਡਲ ਜਿੱਤਿਆ। ਉਸ ਪਿੱਛੋਂ ਭਾਰਤੀ ਟੀਮ ਨੂੰ ਕਦੇ ਏਸ਼ੀਆ ਕੱਪ ਜਿੱਤਣ ਦਾ ਮੌਕਾ ਨਹੀਂ ਮਿਲਿਆ। ਇੰਦਰ ਸਿੰਘ ਨੇ 1969 ਵਿਚ ਭਾਰਤੀ ਟੀਮ ਦੀ ਕਪਤਾਨੀ ਕੀਤੀ। ਉਦੋਂ ਹੀ ਭਾਰਤ ਸਰਕਾਰ ਨੇ ਉਸ ਨੂੰ 'ਅਰਜਨ ਐਵਾਰਡ' ਨਾਲ ਨਿਵਾਜਿਆ। ਸਾਲ 1967 ਵਿਚ ਰੂਸ ਦੀ ਟੀਮ ਭਾਰਤੀ ਦੌਰੇ 'ਤੇ ਮੈਚ ਖੇਡਣ ਆਈ। ਰੂਸ ਦੀ ਟੀਮ ਨੇ 6 ਮੈਚ ਭਾਰਤ ਦੇ ਵੱਖ-ਵੱਖ ਸ਼ਹਿਰਾਂ ਵਿੱਚ ਖੇਡੇ। ਛੇਆਂ ਵਿੱਚੋਂ ਇਕ ਮੈਚ ਪੰਜਾਬ ਵਿਚ ਖੇਡਿਆ ਗਿਆ। ਲੀਡਰ ਕਲੱਬ ਜਲੰਧਰ ਵਲੋਂ ਖੇਡਦਿਆਂ ਇੰਦਰ ਸਿੰਘ ਨੇ ਰੂਸੀਆਂ ਦੀ ਇੱਕ ਨਾ ਚੱਲਣ ਦਿੱਤੀ। ਰੂਸ ਦੀ ਜ਼ੋਰਾਵਰ ਟੀਮ ਨੇ ਲੀਡਰ ਕਲੱਬ ਸਿਰ 6 ਗੋਲ ਕੀਤੇ। ਇਸ ਮੁਕਾਬਲੇ ਵਿਚ ਇੰਦਰ ਸਿੰਘ ਨੇ ਬੜੀ ਫੁਰਤੀ ਨਾਲ ਝਕਾਨੀ ਦੇ ਕੇ ਇਕ ਯਾਦਗਾਰੀ ਗੋਲ ਕੀਤਾ। ਇਸ ਗੋਲ ਦੀ ਸਭ ਪਾਸੇ ਸ਼ਲਾਘਾ ਹੋਈ।

1967 ਵਿਚ ਹੀ ਉਹ ਮਲੇਸ਼ੀਆ ਖੇਡਣ ਗਿਆ। ਇੰਦਰ ਦੀ ਕਮਾਲ ਦੀ ਖੇਡ ਵੇਖ ਉਥੋਂ ਦਾ ਪ੍ਰਧਾਨ ਮੰਤਰੀ ਟੀਕੂ ਅਬਦੁਲ ਰਹਿਮਾਨ ਐਨਾ ਪ੍ਰਭਾਵਿਤ ਹੋਇਆ ਕਿ ਉਸ ਨੇ ਇੰਦਰ ਸਿੰਘ ਨੂੰ ਪੰਜ ਸਾਲਾਂ ਦਾ ਕੰਟਰੈਕਟ ਅਤੇ 23 ਹਜ਼ਾਰ ਰੁਪਏ ਪ੍ਰਤੀ ਮਹੀਨਾ ਦੇਣ ਦੀ ਪੇਸ਼ਕਸ਼ ਕੀਤੀ ਸੀ, ਪਰ ਉਹਨੇ ਆਪਣੇ ਦੇਸ਼ ਲਈ ਖੇਡਣ ਨੂੰ ਹੀ ਪਹਿਲ ਦਿੱਤੀ। ਸਾਲ 1970 ਵਿਚ 'ਖਾਲਸਾ ਸਪੋਰਟਿੰਗ ਕਲੱਬ ਵੈਨਕੂਵਰ'ਨੇ ਵੀ ਆਫ਼ਰ ਕੀਤੀ ਸੀ ਤੇ ਹਰ ਤਰ੍ਹਾਂ ਦੀ ਸੁਖ -ਸਹੂਲਤ ਦੇਣ ਦੀ ਪੇਸ਼ਕਸ਼ ਕੀਤੀ। ਉਹਨੇ ਪੇਸ਼ਕਸ਼ ਕਰਨ ਲਈ ਕਲੱਬ ਵਾਲਿਆਂ ਦਾ ਧੰਨਵਾਦ ਕੀਤਾ, ਪਰ ਭਾਰਤ ਲਈ ਹੀ ਖੇਡਣ ਦੀ ਖਾਹਿਸ਼ ਰੱਖੀ। ਇਸੇ ਤਰ੍ਹਾਂ ਮੋਹਣ ਬਗਾਨ ਤੇ ਈਸਟ ਬੰਗਾਲ ਵਾਲੇ ਵੀ ਉਸ ਨੂੰ ਅਪਣੀਆਂ ਟੀਮਾਂ ਵਿੱਚ ਖੇਡਣ ਲਈ ਕਹਿੰਦੇ ਰਹੇ। ਉਸ ਦੀ ਖੇਡ ਦੇ ਲੱਖਾਂ ਦੀਵਾਨੇ ਸਨ। ਖੇਡ ਸਦਕਾ ਉਹ ਜਿੱਧਰ ਵੀ ਜਾਂਦਾ, ਸਾਰੇ ਫੁੱਟਬਾਲ ਮਸਤਾਨੇ ਅੱਖਾਂ ਵਿਛਾਈ ਬੈਠੇ ਹੁੰਦੇ। ਇੰਦਰ ਸਿੰਘ ਸੈਂਕੜੇ ਖਿਡਾਰੀਆਂ ਨਾਲ਼ ਖੇਡਿਆ ਤੇ ਉਹਦੇ ਮਾਰਗ 'ਤੇ ਚਲਦਿਆਂ ਕਈ ਮੁੰਡੇ ਤਕੜੇ ਖਿਡਾਰੀ ਬਣੇ। ਬੇਟਾ ਜੱਗਾ ਦੋ ਸਾਲ ਭਾਰਤੀ ਟੀਮ ਵਿੱਚ ਖੇਡਿਆ। ਉਹ ਬਾਰਾਂ ਸਾਲ ਜੇ.ਸੀ.ਟੀ ਮਿੱਲ ਫਗਵਾੜਾ ਦਾ ਖਿਡਾਰੀ ਰਿਹਾ। ਫਿਰ ਜੇ.ਸੀ.ਟੀ ਵਿੱਚ ਹੀ ਸੁੱਖੀ ਤੇ ਪਰਮਿੰਦਰ ਨਾਲ ਅਸਿਸਟੈਂਟ ਕੋਚ ਰਿਹਾ।



ਇੱਕ ਵਾਰ ਇੰਦਰ ਸਿੰਘ ਨਾਲ ਭਾਰਤੀ ਫੁੱਟਬਾਲ ਦੇ ਜਰਨੈਲ, ਜਰਨੈਲ ਸਿੰਘ ਪਨਾਮ ਬਾਰੇ ਗੱਲ ਚੱਲ ਰਹੀ ਸੀ। ਉਹ ਨੂੰ ਯਾਦ ਕਰ ਕੇ ਉਹ ਭਾਵੁਕ ਹੋ ਗਿਆ ਤੇ ਕਹਿਣ ਲੱਗਾ ਕਿ ਜਰਨੈਲ ਸਿੰਘ ਵਰਗੇ ਵਾਰ ਵਾਰ ਨਹੀਂ ਜੰਮਣੇ। 1963 ਤੋਂ 1967 ਤੱਕ ਉਹ ਇਕੱਠੇ ਖੇਡੇ। 1963 ਦੀ ਪ੍ਰੀਓਲੰਪਿਕ ਤਹਿਰਾਨ ਤੇ 1964 ਵਿੱਚ ਮਾਡੇਕਾ ਫੁੱਟਬਾਲ ਟੂਰਨਾਮੈਂਟ ਕੋਆਲਾਲੰਪੁਰ (ਮਲੇਸ਼ੀਆ) ਇਕੱਠੇ ਖੇਡੇ। ਕੋਆਲਾਲੰਪੁਰ ਵਿੱਚੋਂ ਦੂਜਾ ਸਥਾਨ ਆਇਆ ਸੀ। ਉਹ ਤੇ ਜਰਨੈਲ ਇੱਕੋ ਕਮਰੇ ਵਿੱਚ ਇਕੱਠੇ ਰਹਿੰਦੇ ਰਹੇ। ਉਹ 1960 ਤੋਂ 1974 ਤੱਕ ਲੀਡਰ ਕਲੱਬ ਜਲੰਧਰ ਵਿੱਚ ਖੇਡਿਆ। ਲੀਡਰ ਦੀ ਉਸ ਸਮੇਂ ਟਾਪ ਦੀ ਟੀਮ ਹੁੰਦੀ ਸੀ। ਲੀਡਰ ਕਲੱਬ ਤੋਂ ਬਾਅਦ ਜੇ.ਸੀ.ਟੀ ਦੀ ਟੀਮ ਬਣੀ। ਫਿਰ 1974 ਤੋਂ 1985 ਤੱਕ ਉਹ ਜੇਸੀਟੀ ਵਿੱਚ ਖੇਡਿਆ। 1962 ਤੋਂ 1978 ਤੱਕ ਪੰਜਾਬ ਸਟੇਟ ਅਤੇ 1963 ਤੋਂ 1975 ਤੱਕ ਭਾਰਤੀ ਟੀਮ ਦਾ ਤਕੜਾ ਖਿਡਾਰੀ ਰਿਹਾ। ਉਹ 1969, 1973 ਤੇ 1975 ਤਿੰਨ ਸਾਲ ਭਾਰਤੀ ਟੀਮ ਦਾ ਕਪਤਾਨ ਰਿਹਾ। 1967-68 ਵਿੱਚ ਆਲ ਏਸ਼ੀਆ ਟੀਮ ਵਿੱਚ ਖੇਡਿਆ। ਜੇਸੀਟੀ ਵਿੱਚ 1985 ਵਿੱਚ ਖੇਡਣਾ ਛੱਡ ਦਿੱਤਾ ਤੇ 2001 ਤੱਕ ਉੱਥੇ ਮੈਨੇਜਰ ਰਿਹਾ। ਉਹ 2001 ਤੋਂ 2011 ਤੱਕ ਪੰਜਾਬ ਫੁੱਟਬਾਲ ਐਸੋਸੀਏਸ਼ਨ ਦਾ ਜਨਰਲ ਸਕੱਤਰ ਰਿਹਾ।

ਸੰਨ 1969 ਵਿੱਚ ਕੋਆਲਾਲੰਪੁਰ ਦੇ ਮਾਡਰੇਕਾ ਫੁੱਟਬਾਲ ਟੂਰਨਾਮੈਂਟ ਸਮੇਂ ਤਾਇਵਾਨ ਨਾਲ ਚੱਲਦੇ ਮੈਚ ਦੌਰਾਨ ਉਸ ਦੇ ਗੋਡੇ 'ਤੇ ਸੱਟ ਲੱਗ ਗਈ ਸੀ। ਉਹ ਬੜੀ ਤੇਜ਼ੀ ਨਾਲ ਫੁੱਟਬਾਲ ਦੇ ਨਾਲ ਭੱਜਿਆ ਜਾ ਰਿਹਾ ਸੀ ਤੇ ਡਿਫੈਂਡਰਾਂ ਨੂੰ ਕੱਟਦਾ ਜਾ ਰਿਹਾ ਸੀ। ਇਕ ਕੱਟਿਆ, ਜਦੋਂ ਦੂਜੇ ਨੂੰ ਕੱਟ ਕੇ ਅੱਗੇ ਲੰਘਿਆ ਤਾਂ ਵਿਰੋਧੀ ਖਿਡਾਰੀ ਅਚਾਨਕ ਉਹਦੇ ਗੋਡੇ 'ਤੇ ਡਿੱਗ ਪਿਆ। ਦੇਖਦੇ ਹੀ ਦੇਖਦੇ ਗੋਡਾ ਸੁੱਜਣ ਲੱਗ ਪਿਆ। ਦੋ ਸਾਲ ਗੋਡੇ ਦਾ ਇਲਾਜ ਚਲਦਾ ਰਿਹਾ। ਢਾਈ ਸਾਲ ਪਿਛੋਂ ਦੁਬਾਰਾ ਖੇਡਣ ਲੱਗਾ। ਇਸੇ ਤਰ੍ਹਾਂ ਸਾਲ 1975 ਵਿਚ ਇੰਡੋਨੇਸ਼ੀਆ ਟੂਰਨਾਮੈਂਟ ਵਿਚ ਸਾਊਥ ਕੋਰੀਆ ਨਾਲ ਮੈਚ ਖੇਡਦਿਆ ਬਾਂਹ 'ਤੇ ਸੱਟ ਲੱਗ ਗਈ ਸੀ। ਇੰਦਰ ਸਿੰਘ ਦੇ ਦੱਸਣ ਅਨੁਸਾਰ ਸਾਊਥ ਕੋਰੀਆ ਦੇ ਖਿਡਾਰੀ ਜ਼ਹਿਰੀਲੇ ਬਹੁਤ ਸਨ।ਉਨ੍ਹਾਂ ਦੇ ਇਕ ਖਿਡਾਰੀ ਨੇ ਖੁੰਧਕ ਵਿਚ ਆ ਕੇ ਬੂਟ ਦੀ ਸਿੱਧੀ ਟੋਅ ਮਾਰ ਕੇ ਇੰਦਰ ਨੂੰ ਸੁੱਟ ਦਿੱਤਾ। ਇੰਦਰ ਸਿੰਘ ਪਹਿਲਵਾਨੀ ਤੇ ਕਬੱਡੀ ਮੈਚ ਵੇਖਣ ਦਾ ਸ਼ੌਕੀਨ ਸੀ।

ਮਾਤਾ ਤੇਜ ਕੌਰ ਅਤੇ ਪਿਤਾ ਭਗਤ ਸਿੰਘ ਦੇ ਘਰ 1943 'ਚ ਜਨਮੇ ਇੰਦਰ ਸਿੰਘ ਨੇ ਦੇਸ਼-ਵਿਦੇਸ਼ ਦੀ ਧਰਤੀ 'ਤੇ ਮੈਚ ਖੇਡੇ। ਉਹ ਦੋ ਭਰਾ ਹਨ। ਵੱਡਾ ਭਰਾ ਗੁਰਮੁੱਖ ਸਿੰਘ ਬਿਜਲੀ ਬੋਰਡ ਦਾ ਸੇਵਾ-ਮੁਕਤ ਮੁਲਾਜ਼ਮ ਹੈ। ਦੋ ਬੱਚੇ -ਬੇਟਾ ਹਰਜਿੰਦਰ ਸਿੰਘ ਜੱਗਾ ਤੇ ਬੇਟੀ ਬਲਵਿੰਦਰ ਕੌਰ ਜੋ ਪੱਲੀਆਂ ਜਸਵੰਤ ਸਿੰਘ ਜੱਸਾ ਨਾਲ਼ ਵਿਆਹੀ ਹੋਈ ਹੈ ਤੇ ਸੈਕਰਾਮੈਂਟੋ (ਕੈਲੀਫੋਰਨੀਆ) ਵੱਸਦੀ ਹੈ।

ਇੰਦਰ ਸਿੰਘ ਦੀ ਖੇਡ ਦੇ ਹਜ਼ਾਰਾਂ ਦੀਵਾਨੇ ਤੇ ਪ੍ਰਸ਼ੰਸ਼ਕ ਦੇਸ਼-ਵਿਦੇਸ਼ ਵਿਚ ਹਾਲੇ ਵੀ ਮੌਜੂਦ ਹਨ। ਇੰਦਰ ਸਿੰਘ ਮੁਤਾਬਕ ਜਦੋਂ ਪਿਛਲੇ ਸਾਲ ਸੈਕਰਾਮੈਂਟੋ ਪਹੁੰਚੇ ਤਾਂ ਉਸ ਦੀ ਤਬੀਅਤ ਠੀਕ ਨਾ ਹੋਣ ਕਾਰਨ ਹਸਪਤਾਲ ਜਾਣਾ ਪਿਆ। ਉਥੇ ਦੋ ਸਾਊਥ ਇੰਡੀਅਨ ਡਾਕਟਰ ਸਨ। ਜਦੋਂ ਉਨ੍ਹਾਂ ਨੂੰ ਪਤਾ ਲੱਗਾ ਕਿ ਇਹ ਤਾਂ ਪ੍ਰਸਿੱਧ ਫੁੱਟਬਾਲ ਖਿਡਾਰੀ ਇੰਦਰ ਸਿੰਘ ਹੈ ਤਾਂ ਉਨ੍ਹਾਂ ਜਾ ਕੇ ਦੋ ਹੋਰ ਪੰਜਾਬੀ ਡਾਕਟਰਾਂ ਨੂੰ ਵੀ ਦੱਸ ਦਿੱਤਾ। ਉਥੇ ਡਾਕਟਰਾਂ ਦੀ ਟੀਮ 'ਕੱਠੀ ਹੋਈ ਤੇ ਉਨ੍ਹਾਂ ਉਹਦਾ ਚੰਗੀ ਤਰ੍ਹਾਂ ਚੈਕ-ਅਪ ਕੀਤਾ।

ਜ਼ਿੰਦਗੀ ਦੇ ਅਨੇਕਾਂ ਮਾਣ-ਸਨਮਾਨ ਪ੍ਰਾਪਤ ਕੀਤੇ। ਕੈਨੇਡਾ, ਅਮਰੀਕਾ ਅਤੇ ਹੋਰ ਮੁਲਕਾਂ ਵਿਚ ਉਚੇਚੇ ਤੌਰ 'ਤੇ ਸੱਦ ਕੇ ਵਾਹਵਾ ਮਾਣ ਬਖਸ਼ਿਆ। ਪਿਛਲੇ ਸਾਲ ਕਪੂਰਥਲਾ ਕਲੱਬ ਵਾਲਿਆਂ ਨੇ ਇੰਦਰ ਸਿੰਘ ਤੇ ਕਬੱਡੀ ਦੇ ਬਾਬਾ ਬੋਹੜ ਸਰਬਣ ਸਿੰਘ ਬੱਲ ਨੂੰ ਉਚੇਚੇ ਤੌਰ 'ਤੇ ਸੱਦ ਕੇ ਵਾਹਵਾ ਮਾਣ-ਤਾਣ ਕੀਤਾ। ਇੰਦਰ ਸਿੰਘ ਦਾ ਅੱਜ ਦੇ ਖਿਡਾਰੀਆਂ ਲਈ ਸੁਨੇਹਾ ਹੈ ਕਿ ਖੇਡਦੇ ਸਮੇਂ ਉਹ ਕੋਈ ਵੀ ਨਸ਼ਾ ਨਾ ਕਰਨ। ਅਪਣੇ ਸਰੀਰ, ਆਪਣੀ ਜ਼ਿੰਦਗੀ ਨੂੰ ਬਚਾਓ, ਖੇਡ ਭਾਵਨਾ ਨਾਲ ਖੇਡੋ, ਮਿਹਨਤ ਕਰੋ ਤੇ ਆਪਣੇ ਮਾਂ-ਬਾਪ, ਇਲਾਕੇ ਤੇ ਦੇਸ਼ ਦਾ ਨਾਂ ਉਚਾ ਕਰੋ।

❊ ❊ ❊ ❊ ❊

## ਮੇਰਾ ਭਾਰਤ ਮਹਾਨ?

ਮੇਰਾ ਦੇਸ਼ ਭਾਰਤ ਵੀ ਹੁਣ ਦੁਨੀਆਂ ਦੇ ਅਮੀਰ ਦੇਸ਼ਾਂ ਵਿੱਚ ਸ਼ਾਮਿਲ ਹੋਣ ਦੀ ਹੋੜ ਵਿੱਚ ਹੈ। ਖਬਰ ਹੈ ਕਿ ਭਾਰਤ ਦੀ ਸਰਕਾਰ ਨੇ ਦੋ ਅਜਿਹੇ ਹਵਾਈ ਜਹਾਜ਼ ਖਰੀਦੇ ਹਨ ਜਿਨ੍ਹਾਂ ਦੀ ਕੁੱਲ ਕੀਮਤ 8458 ਕਰੋੜ ਰੁਪਏ ਹੈ। ਇੱਕ ਦੇਸ਼ ਦੇ ਪ੍ਰਧਾਨ ਮੰਤਰੀ ਲਈ ਅਤੇ ਦੂਜਾ ਰਾਸ਼ਟਰਪਤੀ ਤੇ ਉੱਪਰਾਸ਼ਟਰਪਤੀ ਲਈ ਹੈ। ਅਮਰੀਕਾ ਦੀ ਕੰਪਨੀ ਵਲੋਂ ਤਿਆਰ ਕੀਤਾ ਇਹ ਬੋਇੰਗ 777-300ER ਜਹਾਜ਼ ਅਮਰੀਕਾ ਦੇ ਰਾਸ਼ਟਰਪਤੀ ਵਲੋਂ ਵਰਤਿਆ ਜਾਂਦਾ ਹੈ। ਇਸ ਜਹਾਜ਼ ਵਿੱਚ ਅਤਿ ਆਧੁਨਿਕ ਸਵੈਚਾਲਕ ਮਿਜ਼ਾਈਲ ਸਿਸਟਮ(LAIRCM), ਸੁਰੱਖਿਆ ਯੰਤਰ(SPS) ਅਤੇ ਸੂਚਨਾਂ ਯੰਤਰ ਲੱਗੇ ਹੋਏ ਹਨ ਜੋ ਸੰਕਟ ਕਾਲ ਵਿੱਚ ਪਾਇਲਟ ਨੂੰ ਸੂਚਨਾ ਦਿੱਤੇ ਬਗੈਰ ਆਪਣੇਆਪ ਹੀ ਕੰਮ ਕਰਨਗੇ। ਇਹ ਬਿਨਾਂ ਦੁਬਾਰਾ ਬਾਲਣ ਗੈਸ ਭਰਵਾਏ 17 ਘੰਟਿਆਂ ਤੱਕ ਉੜਾਨ ਭਰਨ ਦੇ ਸਮਰੱਥ ਹੈ। ਇਸ ਵਿੱਚ ਵੀਵੀਆਈ ਪੀ ਲਈ ਵੱਡਾ ਕੈਬਿਨ, ਇੱਕ ਮੈਡੀਕਲ ਸੈਂਟਰ ਅਤੇ ਇੱਕ ਕਾਨਫਰੰਸ ਕਮਰਾ ਬਣਿਆ ਹੋਇਆ ਹੈ। ਇਸ ਨਾਲ ਹਰ ਭਾਰਤਵਾਸੀ ਨੂੰ ਭੁਲੇਖਾ ਪੈਣ ਲਗਦਾ ਹੈ ਕਿ ਸ਼ਾਇਦ ਅਸੀਂ ਵੀ ਹੁਣ ਅਮਰੀਕਾ ਨਾਲੋਂ ਘੱਟ ਨਹੀਂ ਰਹੇ।

ਇਸ ਦੇ ਨਾਲ ਹੀ ਇੱਕ ਬੁਰੀ ਖਬਰ ਛਪੀ ਕਿ ਸਾਲ 2020 ਵਿੱਚ ਵਿਸ਼ਵਭਰ ਦੇ 107 ਮੁਲਕਾਂ ਦੀ ਆਲਮੀ ਭੁੱਖਮਰੀ ਸੂਚੀ (ਗਲੋਬਲ ਹੰਗਰ ਇੰਡੈਕਸ) ਵਿੱਚ ਭਾਰਤ 94ਵੇਂ ਦਰਜੇ 'ਤੇ ਹੈ ਅਤੇ ਇਹ **'ਗੰਭੀਰ ਭੁੱਖਮਰੀ' ਸ਼੍ਰੇਣੀ** ਵਿੱਚ ਸ਼ਾਮਿਲ ਹੈ।ਇਸ ਅਨੁਸਾਰ ਭਾਰਤ ਦੀ 14% ਆਬਾਦੀ ਕੁਪੋਸ਼ਣ ਦੀ ਸ਼ਿਕਾਰ ਹੈ। ਇਸ ਦਾ ਭਾਵ ਹੈ ਕਿ ਦੁਨੀਆਂ ਵਿੱਚ ਕੇਵਲ 13 ਦੇਸ਼ ਹੀ ਹਨ ਜਿਨ੍ਹਾਂ ਵਿੱਚ ਭੁੱਖਮਰੀ ਭਾਰਤ ਨਾਲੋਂ ਵੱਧ ਹੈ। ਦੁੱਖ ਹੋਰ ਵੀ ਹੋਇਆ ਜਦੋਂ ਪਤਾ ਲੱਗਾ ਕਿ ਸਾਡੇ ਗੁਆਂਢੀ ਮੁਲਕਾਂ-ਪਾਕਿਸਤਾਨ(88ਵਾਂ), ਸ਼੍ਰੀ ਲੰਕਾ(64ਵਾਂ), ਮਿਆਂਮਾਰ(78ਵਾਂ), ਬੰਗਲਾ ਦੇਸ਼(75ਵਾਂ) ਤੇ ਨਿਪਾਲ(73ਵਾਂ) ਵਿੱਚ ਸਾਡੇ ਦੇਸ਼ ਤੋਂ ਘੱਟ ਭੁੱਖਮਰੀ ਹੈ। ਕਿਸੇ ਦੇਸ਼ ਵਿੱਚ ਭੁੱਖਮਰੀ ਦੀ ਗਣਨਾ ਉੱਥੋਂ ਦੇ ਪੰਜ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦੇ ਘੱਟ ਕੱਦ, ਘੱਟ ਭਾਰ ਤੇ ਵੱਧ ਮੌਤ ਦਰ ਅਤੇ ਲੋਕਾਂ ਲਈ ਪੌਸ਼ਟਿਕ ਖੁਰਾਕ ਦੀ ਕਮੀ ਦੇ ਹਿਸਾਬ ਨਾਲ ਕੀਤੀ ਜਾਂਦੀ ਹੈ।

ਇੱਕ ਲੋਕਤੰਤਰੀ ਮੁਲਕ ਵਿੱਚ ਜਿੱਥੇ 19.4 ਕਰੋੜ ਨਾਗਰਿਕ ਭੁੱਖਮਰੀ ਦਾ ਸ਼ਿਕਾਰ ਹੋਣ, ਕੇਵਲ ਤਿੰਨ ਪ੍ਰਮੁੱਖ ਨਾਗਰਿਕਾਂ ਦੇ ਸਫਰ ਲਈ 8458 ਕਰੋੜ ਰੁਪਏ ਖਰਚ ਕਰਨੇ ਕੀ ਜਾਇਜ਼ ਹੈ? ਜੇ ਇਸ ਫਜ਼ੂਲਖਰਚੀ ਦਾ ਥੋੜ੍ਹਾ ਜਿਹਾ ਹਿੱਸਾ ਵੀ ਗਰੀਬਾਂ ਨੂੰ ਸੰਤੁਲਿਤ ਭੋਜਨ ਦੇਣ ਲਈ ਵਰਤ ਲਿਆ ਜਾਂਦਾ ਤਾਂ ਭਾਰਤ ਗੰਭੀਰ ਭੁੱਖਮਰੀ ਵਿੱਚ ਸ਼ਾਮਿਲ ਹੋਣ ਦੀ ਨਮੋਸ਼ੀ ਤੋਂ ਬਚ ਸਕਦਾ ਸੀ।

❊ ❊ ❊ ❊ ❊



## Donors of Scholarships for the year 2020-21

Balbir Singh Saini
Saini Bhawan, Rupnagar

### A. Casual Scholarships :

| S.NO | Particulars of Donor | Donated Amount |
|---|---|---|
| 1 | Mr.Ajit Singh Saini #2127,Rolland Glan Road Cary,North Carolina, U.S.A -27519 | 30100/- |
| 2 | S. Sukhpal Singh Khanpur ( Sri Chamkaur Sahib) | 24000/- |
| 3 | Sh.Sarvjeet Singh S/o S. Baldev Singh Chamak #35/ Astha Enclave ,Mundi Kharar ,Dist.Mohali | 12000/- |
| 4 | S. Harbans Singh , USA | 12000/- |
| 5 | Sh.Rajwinder Singh S/o S.Ajmer Singh Guru Nagar, Ropar | 10000/- |
| 6 | S.Gursharan Singh S/o S. Gurdev Singh #242,Gobind Valley, Rupnagar | 10000/- |
| 7 | Smt.Chander Kanta Saini Lahiri Shah Mandir Road,Rupnagar | 10000/- |
| 8 | Sh.Amit Saini S/o Sh.Rajinder Saini #87,GZS.Nagar,Rupnagar | 6000/- |
| 9 | S.Amrik Singh,Retd Asst.XEN #21,Ranjit Avenue,Ropar | 6000/- |
| 10 | Mrs. Kirpal Kaur w/o the late Capt.C.D.Saini #187/Sunsity, Rupnagar | 6000/- |
| 11 | S.Rajinder Singh Nanua , #61 Ranjit Avenue, Rupnagar | 6000/- |
| 12 | S.Avtar Singh Longia #452,G.Z.S.Nagar Rupnagar | 6000/- |
| 13 | Sqn.Ldr.Manjit Singh Pabla, #2729/37C, Chandigarh | 6000/ |
| 14 | Mrs Jaswant Kaur Rupnagar | 5000/- |
| 15 | S.Aminderpreet Singh Bawa Advocate Rupnagar | 5000/- |

### B. Regular Scholarships :

| | | |
|---|---|---|
| 1. | Mrs.Jaspal Kaur W/o S. Baldev Singh Mundra #702 C Wing, Asha Nagar Kandivali East,Mumbai | 20,65500/- |
| 2. | Lt.Col.Gurdas Ram Saini (Retd.) #192/D.C.Road,Hoshiarpur | 20,45000/_ |
| 3. | S.Hardev Singh Saini #11 Sherwood Court Flemington, NJ 08822 (U.S.A.) | 11,00000/- |
| 4. | Sh.Lajpat Rai Saini #B-35,East of Kailash New Delhi-110065 | 349000/- |
| 5. | S.Tekpal Singh Saini #204,Prabhu Apartment CH-19,Sector 21D,Faridabad | 2,76000/- |
| 6. | Late Sh.Lekh Raj Mundra Haveli Kalan, Rupnagar | 2,49897/- |
| 7. | Mrs.Baldev Chaudhry #444, G.Z.S.Nagar Rupnagar -140001 | 2,07000/- |
| 8. | Late Mrs.Rajinder Kaur W/o Dr.Rajwant Singh #40,Sector 71,S.A.S.Nagar (Mohali) | 2,00000/- |
| 9. | Dr.Rajwant Singh #40,Sector 71 SAS Nagar (Mohali) | 2,00000/- |
| 10 | S.Gurmukh Singh Saini #28,Shaheed Bhagat Singh Nagar, Rupnagar | 1,81100/- |
| 11. | Mrs.Gurjinder Kaur W/o Sh. Rajesh Chaudhry #192,D.C.Road, Hoshiarpur | 1,75000/- |

| S.NO | Particulars of Donor | Donated Amount |
|---|---|---|
| 12 | Late Sh. B.R.Tumber | 1,46200/- |
| 13 | Sh.Charan Singh Saini #1004,Extn.4,Sunny Enclave, Sector 125 S.A.S.Nagar | 1,03000/- |
| 14 | S.Ujjal Singh Dosanjh Vancouver (Canada) | 1,00000/- |
| 15 | Dr. Jaswant Kaur Saini #B - 12/5057,Guru Nagar Rupnagar | 1,00000/- |
| 16 | Sh.Gurmit Singh Jattana, #517/33B, Chandigarh | 1,00000/- |
| 17 | Smt.Ranjit Kaur D/o S. Mahinder Singh Girn #79 A/7,Kaushal Street Mohalla Sheikhan,Ropar | 97000/- |
| 18 | Smt.Harbans Kaur & Late Sh.Trilochan Singh Hotel Amer Palace, Maharana Pratap Nagar,BHOPAL | 93500/- |
| 19 | Late S. Bhag Singh Saini Jagat Farm Tughalpur,Greater NOIDA -201306 (U.P) | 57300/- |
| 20 | Sh.Baldev Singh Saini #E7/767, Arera Colony Bhopal (M.P) | 51000/- |
| 21 | S.Gurinder Singh Toni #114,Beant Singh Aman Nagar(Part II), Rupnagar | 50000/- |
| 22 | Mr.Jasbir Singh C/o Mrs.C.K.Sandhu , Vancouver (Canada) | 50000/- |
| 23 | Smt. Damyanti Saini w/o Sh. Dilbagh Rai Saini # E6/52, Arera Colony Bhopal (M.P) | 50000/- |

# Saini Personality

## Chief Engineer Satwinder Singh Saini (Longia)



Satwinder Singh Saini (Longia) is a promising son of Saini Bradri. He is at present Chief Engineer of Hydal Projects at Patiala. Born in Saini Family of S. Trilochan Singh (Retd. S.D.O.) and Mrs. Mohinder Kaur Saini of village Nateyian (Gurditpura), Distt. Patiala on 15th June 1964, he did Bachelor of Engineering (Electrical) from Punjab Engineering College Chandigarh in 1986 and joined PSEB in 1987 as Asstt. Engineer at GGSSTP Ropar, where he got promoted as Superintendent Engineer. In Oct. 2020 he got the prestigious post of chief Engineer.

He got married to Mrs. Manjinder Pal Kaur who is working as teacher in G.S.S.S. Ghanauli, Distt. Ropar. Mr. Saini has two daughters, Elder Sukhleen Saini after getting B.Tech.. degree from BITS Pilani, did post graduation from University of California and got job in U.S.A. younger Balreen Saini is engineering graduate of IIT Bombay and now doing Ph.D. from Stanford University California.

S. Satwinder Singh Saini is gem of Bradri. The administrators of Saini Bhavan are proud of such family having daughters of such exceptional standard. May God keep his kind hand on this family.



## Beneficiaries of Scholarships for the year 2020-21

Amarjit Singh
Saini Bhawan, Rupnagar

| No. | Name of Beneficiary | Class | Name of Institution | Amount Rs. |
|---|---|---|---|---|
| 1 | Mandeep Kaur d/o S. Swran Singh | M. Tech. | Rayat Group of Institutes, Rail Majra | 10000/- |
| 2 | Sharandeep Kaur D/o Baljit Singh | B. Tech. 3rd Sem. | Rayat –Bahra University | 8000/- |
| 3 | Harpreet Kaur d/o Amarjeet | B. Tech. 7th Sem. | IET Bhaddal | 8000/- |
| 4 | Kawalpreet Kaur D/o Jagbir Singh | B. Tech. CSE . | Rayat Group of Institutes,Rail Majra | 8000/- |
| 5 | Karanjot Singh S/o Randhir Singh | B. Tech. 1st. Year | CGC Landran | 8000 |
| 6 | Harpreet Singh S/o Late Swaran Singh | B.Tech. Textile Processing | GNDU Amritsar | 8000 |
| 7 | Japp Kaur D/o Satinderpal Singh | B. Tech. CSE 5th Sem. | CEC, Landran | 8000 |
| 8 | Simranjeet Kaur D/o Didar Singh | B. Tech. CSE | BBSB Engg. College Fatehgarh Sahib | 8000 |
| 9 | Ajay Kumar SharmaS/o Satish Sharma | M.sc Chemistry 2nd Year | DAV College Chandigarh | 8000 |
| 10 | Simrandeep Saini D/o Sandeep Saini | M. Sc Botany 3rd Year | Pbi. Uni. Patiala | 8000 |
| 11 | Jasika Sharma D/o Raj Kumar | M.Sc. Chemistry 2nd year | SGTB Khalsa College APS | 8000 |
| 12 | Jasleen Kaur D/o Gurdeep Singh | B. Pharmacy 2nd year | ASBASJSM College Bela. | 8000 |
| 13 | Amanjot Kaur D/o Charnjit Singh | M.Sc Bio 2nd Year | ASBASJSM College Bela. | 8000/- |
| 14 | Gurkirat Singh S/o Mohan Singh | B. Pharma | ASBASJSM College Bela. | 6000/- |
| 15 | Sukhpreet Kaur D/o Gurnam Singh | B.Pharma 1st Year | ASBASJSM College Bela. | 8000/- |
| 16 | Amanpreet Singh S/o Jaswinder Singh | B. Pharmacy 3rd Sem. | ASBASJSM College Bela. | 8000/- |
| 17 | Amandeep Kaur D/o Late Balbir Singh | MBA 4th Sem. | Rayat Bahra Uni | 10000/- |
| 18 | Navneet Singh s/o Charanharpal Singh | MBA | Universal Business School Mumbai | 8000/- |
| 19 | Navpreet Kaur D/o Amarjeet Singh | MBA | Chd Business School of Admn. | 8000/- |
| 20 | Jaskaran Kaur D/o Jaswinder Singh | M.PEd 4th Sem. | Punjab Uni. Chandigarh | 8000/- |
| 21 | Kiranjeet Kaur D/o Ranjodh Singh | M. Com. Final | SGTB Khalsa College APS. | 8000/ |
| 22 | Kiranjot Kaur D/o Late Rupinder Singh | B.Sc. (Agri.) | SGTB Khalsa College APS. | 8000/- |
| 23 | Jaspreet Kaur D/o Jaswinder Singh | B.Sc.(Agri.) 8th Sem. | Bibi Sharan Kaur Khalsa College CKS | 8000/- |
| 24 | Sukhpreet Kaur D/o Balwinder Singh | B.Sc. NSG 1st Year | AIIMS Rishikesh | 8000/- |
| 25 | Sanjivani D/o Mann Singh | B.Ed 3rd Sem. | Pine Grove College of Edu. Bassi Pathana | 8000/- |
| 26 | Gursimran Kaur Saini D/o S. Onkar Singh | B.Sc MLT | Rayat Bahra Uni. | 6000/- |
| 27 | Navneet Kaur D/o Late Rupinder Singh | B.sc NSG 3rd year | Guru Nanak College of Nursing, Dhahan Kalan | 8000/- |
| 28 | Rupinder Kaur D/o Harbans Singh | B.Ed. 2nd year | Pine Grove College of Education , Bassi Pathana | 8000/- |
| 29 | Gagandeep Singh S/o Surinder Singh | M. Com. 2nd year | Pbi. Uni. Patiala | 8000/- |
| 30 | Jaspreet Kaur D/o Joga Singh | B.Com. 1st year | Govt. College, Hoshiarpur | 6000/- |
| 31 | Harmanpreet Singh S/o Balkar Singh | B. Tech Biotech. 3r Sem | NIT Jalandhar | 10,000/- |
| 32 | Sukhwinder Singh S/o Amarjeet Singh | Classs 9th,Handicapped | ParkashMemorial Deaf & Dumb School, Ropar | 3000/- |
| 33 | Vikram S/o Dharminder Kumar | Classs 8th, Handicapped | -do- | 3000/- |
| 34 | Jasandeep Kaur D/o Balwinder Singh | Classs 10th, Handicapped | -do- | 3000/- |
| 35 | Gurpreet Singh S/o Harjinder Singh | Classs 10th,Handicapped | -do- | 3000/- |
| 36 | Sonika D/o Dinesh Kumar | M.Sc Botany 3rd Sem. | SGTB Khalsa College APS | 10000/- |
| 37 | Manpreet Kaur D/o Late Gobinder Singh | BCA 2nd year | ASBASJSM college Bela | 6000/- |
| 38 | Yatan Kumar S/o Ashok Kumar, | BCA 1st Sem. | GC Rupnagar | 6000/- |
| 39 | Harpreet Kaur D/o Gurmeet Singh | BCA 2nd Uear | -do- | 6000/- |
| 40 | Gagandeep Kaur D/o Jarnail Singh | BCA 2nd Year | GGSCW ,Sec 26 ,Chandigarh | 6000/- |
| 41 | Kulwinder Kaur D/o Late Sarbjit Singh | BCA 2nd Year | ASBASJSM College,Bael | 6000/- |
| 42 | Sarabjeet Kaur D/o Gurdeep Singh | BCA 1st Year | -do- | 6000/- |
| 43 | Arshpreet Singh S/o Rajinderpal Singh | B.Sc. NM 5th Sem | GC Rupnagar | 6000/- |
| 44 | Sandeep Kaur D/o Parwinder Singh | B.Sc. Community Sci 3rd Year | College of Community Sciences. PAU LDH | 6000/- |

| | | | | |
|---|---|---|---|---|
| 45 | Ramanpreet Kaur d/o S. Baljinder Singh | B.Sc. (Non - Med.) 3rd year | A.S.B.A.S.J.S Memorial college Bela | 10,000/- |
| 46 | Jaspreet Kaur D/o Lakhbir Singh | B.Sc. 3rd Year | GC Rupnagar | 6000/- |
| 47 | Gurleen Kaur Saini D/o Tejinder Singh | B.Sc. 1st Year | GC Mohali | 6000/- |
| 48 | Simranjeet Kaur D/o Nirmal Singh | B.Sc. 1st Year | ASBASJSM College Bela | 6000/- |
| 49 | Charanjeet Kaur D/o Yadwinder Saini | B.Sc. 1st Year | Patel Memorial National College Rajpura. | 6000/- |
| 50 | Manpreet Kaur D/o Kishori Lal | B.Sc. 1st Year | GC Rupnagar | 6000/- |
| 51 | Kamaljeet Kaur D/o Harminder Singh | B.Sc. NM | GC Rupnagar | 6000/- |
| 52 | Kamalpreet Kaur D/o Jarnail Singh | B.Sc. 3rd year | GC Rupnagar | 6000/- |
| 53 | Nancy Gupta D/o Suresh Kumar Gupta | B.Sc 1st year | GC Rupnagar | 6000/- |
| 54 | Navjot Kaur D/o Mukhtiar Singh | B.Com. 2nd Year | Doaba Group of College Ghataur | 6000/- |
| 55 | Harmanpreet Kaur D/o Amarjeet Singh | B. Com. 1st Sem. | GC Mohali | 6000/- |
| 56 | Diya Saini D/o Sanjeev Kumar | B. Com. (Hon) | CGC Landran | 6000/- |
| 57 | Sukhmeen Kaur D/o Kulwinder Singh | B. Com. 1st Year | GC Rupnagar | 6000/- |
| 58 | Harleen Kaur D/o Chanchal Singh | B. Com. 1st Year | ASBASJSM College Bela | 6000/- |
| 59 | Tarlochan Singh S/o Jujhar Singh | B. Vocational 1st Year (Food Processing) | ASBASJSM College Bela | 6000/- |
| 60 | Jaspreet Kaur D/o Rajinder Singh | BA 1st Sem. | GC Rupnagar | 6000/- |
| 61 | Amandeep Singh S/o Harbans Singh | B. Com. 3rd Year | ASBASJSM College Bela | 6000/- |
| 62 | Aashish Kumar S/o Dushyant Kumar | B. Com 1st Year | GC Rupnagar | 6000/- |
| 63 | Rinki Kumari D/o Beju Mandal | BA 1st Year | GC Rupnagar | 5000/- |
| 64 | Amandeep Kumar S/o Beju Mandal | +1 Class | DAV Public School Rupnagar | 5000/- |
| 65 | Ramanpreet Kaur D/o Himat Singh | B.Sc. 11nd Year | GC Rupnagar | 6000/- |
| 66 | Harmanpreet Kaur D/o Jaswinder Singh | BA !st year | GC Rupnagar | 6000/- |
| 67 | Arshdeep Kaur D/o Harmel Singh | GNM | Mata Kaushalya Nursing College PTA | 8000/- |
| 68 | Kulwinder Kaur d/o S. Major Singh | BA 3rd year | Govt College Ropar | 5000/- |
| 69 | Mandeep Singh s/o Late Surinder Singh | BA 2nd year | Govt College Ropar | 5000/- |
| 70 | Harkaran Singh S/o Tajinder Singh | B. Com 3rd Year | SGTB Khalsa CollegeAPS | 5000/- |
| 71 | Amanpreet Singh S/o Harpal Singh | BA 3rd Year | GC Rupnagar | 5000/- |
| 72 | Davinder Kaur D/o Randhir Singh | BA 3rd year | Govt College Rupnagarr | 5000/- |
| 73 | Jasvir Singh S/o Parminder Singh | B. Tech CSE 3rdSem. | Adesh Institute of Technology, Ghauran | 8000/- |
| 74 | Rajveer Kaur D/o Kuldip Singh | BCA 5th Sem | Rayat Institute of Management, Rail majra | 5000/- |
| 75 | Jasleen Kaur D/o Manjit Singh | BSc. 1st year | ASBASJSM College Bela | 5000/- |
| 76 | Sarbjeet Kaur D/o Harvinder Singh | B.Pharmacy 3rd Year | Himachal Pharmacy College Nalagarh (H.P.) | 8000/- |
| 77 | Pajmeet Kaur D/o Kashmir Singh | B.Sc. 2nd Sem | GC Rupnagar | 6000/- |
| 78 | Baljit Singh S/o Amarjit Singh | B.Sc. Non Medical | GC Mohali | 6000/- |
| 79 | Parvinder Kaur D/o Jasbir Singh | BA 2nd Year | GC Rupnagar | 6000/- |
| 80 | Prabhjot Kaur D/o Labh Singh | B. Food Processing | ASAASJSM College Bela | 6000/- |
| 81 | Harmanpreet Kaur D/o Mohan Singh | B.Sc. MLS | ASAASJSM College Bela | 6000/- |
| 82 | Baljinder Singh S/o Sarbjit Singh | Diploma Civil | Doaba Politechnic College. Ghataur | 6000/- |
| 83 | Simranjit Kaur D/o Balwinder Singh | GNM | Govt Nursing College Rupnagar, | 6000/- |
| 84 | Navdeep Kaur D/o Beant singh | BA 1st year | GC Rupnagar | 6000/- |
| 85 | Davinder Kumar S/o Nand Kishor | B. Pharmacy | Rayat Group of Institute | 8000/- |
| 86 | Mahakdeep Kaur D/o Bhupinder Singh | BA 1st Year | GC Rupnagar | 6000/- |
| 87 | Arshdeep Kaur D/o Harinder Singh | BA 1st Year | A.S.B.A.S.J.S Memorial college Bela | 6000/- |
| 88 | Simranjeet Kaur D/o Gurdev Singh | M.Sc Math 2nd Year | A.S.B.A.S.J.S Memorial college Bela | 8000/- |
| 89 | Gurkirat Singh S/o Jaswinder Singh | B. Tech. Chemical Engg. | N.I.T. Jalandhar | 8000/- |
| 90 | Amandeep Singh S/o Jatinder Saini | B. Tech. C.S.E 1st Sem. | C.E.G Landra | 8000/- |

Total Amount disbursed = 6.03000/

ਡਾ. ਜਸਵੰਤ ਕੌਰ ਸੈਣੀ



## ਧਰਮ 'ਚ ਧਰਮ

ਅੱਜ ਆਰਾਮ ਕਰਦਿਆਂ ਪਤਾ ਨਹੀਂ ਕਿਵੇਂ ਉਹ ਮੇਰੀਆਂ ਅੱਖਾਂ ਸਾਹਮਣੇ ਆ ਖਲੋਤੀ? ਉਹ ਨੂੰ ਤਾਂ ਇਸ ਜਹਾਨੋਂ ਰੁਖ਼ਸਤ ਹੋਇਆਂ ਵਰ੍ਹੇ ਬੀਤ ਗਏ ਹਨ। ਕਦੀ ਅੱਗੇ ਨਾ ਪਿੱਛੇ ਉਹਦੀ ਯਾਦ ਆਈ, ਅੱਜ ਅਚਾਨਕ ----' ।

ਉਸ ਦਿਨ ਉਹ ਫ਼ੋਨ 'ਤੇ ਬਹੁਤ ਰੋਈ। ਮੈਂ ਵੀ ਐਵੇਂ ਹੀ ਹਾਲ ਚਾਲ ਪੁੱਛਣ ਲਈ ਉਹਦਾ ਨੰਬਰ ਮਿਲਾ ਲਿਆ।ਮੈਨੂੰ ਨੀ ਪਤਾ ਸੀ ਕਿ ਉਹਦੇ ਦੁੱਖ ਦਾ ਫੋੜਾ ਐਨਾ ਭਰਿਆ ਪਿਆ ਕਿ ਉਹਨੇ ਐਨੀ ਛੇਤੀ ਫਿਸ ਪੈਣਾ। ਦੋ ਹੀ ਉਹਦੇ ਬੱਚੇ ਸਨ।ਬੜੇ ਬੀਬੇ ।ਬੇਟੀ ਇੰਨੀ ਸੁਹਣੀ ਸ਼ਾਂਤ -ਚਿੱਤ, ਹੁਸ਼ਿਆਰ ਅਤੇ ਮਾਪਿਆਂ ਦੀ ਕਹੇ-ਕਾਰ। ਆਦਮੀ ਉਹਦਾ ਅੱਤ ਦਾ ਭਲਾਮਾਣਸ। ਡਿਊਟੀ ਦਾ ਪਾਬੰਦ। ਰੱਬ ਦਾ ਨਾਂ ਲੈਣ ਵਾਲਾ। ਪਰਿਵਾਰ ਵਿੱਚ ਸਮਤੋਲ ਬਣਾ ਕੇ ਰੱਖਣ ਵਾਲਾ। ਉਹ ਆਪ ਵੀ ਮਾਪਿਆਂ ਦੀ ਛੋਟੀ ਜਿਹੀ ਟੱਬਰੀ ਵਿੱਚੋਂ ਸੀ। ਇੱਕ ਭਰਾ ਤੇ ਇੱਕ ਉਹ ਬੱਸ। ਮਾਪੇ ਵੀ ਗੁਰਮੁਖ ਤੇ ਗੁਰਸਿੱਖ। ਆਪਣੇ ਧਰਮ ਅਤੇ ਨੇਮ ਦੇ ਪੱਕੇ।ਪਿਤਾ ਸਰਕਾਰੀ ਨੌਕਰੀ ਵਿੱਚ ਨਿਪੁੰਨਤਾ ਨਾਲ ਕੰਮ ਕਰਨ ਵਾਲੇ। ਉਹਨਾਂ ਨੇ ਧੀ ਵਿਆਹ ਦਿੱਤੀ। ਪੁੱਤਰ ਸਰਕਾਰੀ ਨੌਕਰੀ ਕਰਵਾ ਦਿੱਤਾ। ਧੀ ਆਪਣੇ ਪਰਿਵਾਰ ਵਿੱਚ ਖੁਸ਼। ਸਭ ਕੁਝ ਤਾਂ ਠੀਕਠਾਕ ਆਪਣੀ ਮਸਤ ਤੋਰੇ ਚੱਲ ਰਿਹਾ ਸੀ। ਪਤਾ ਨਹੀਂ ਕਿੱਥੇ ਸ਼ਾਂਤ ਖਲੋਤੇ ਪਾਣੀ ਵਿਚ ਕਿਸ ਤਰ੍ਹਾਂ ਦਾ ਪੱਥਰ ਵੱਜਿਆ ਕਿ ਸਭ ਹਿਲਜੁਲ ਹੋ ਗਈ।

ਮੈਥੋਂ ਉਮਰ ਵਿੱਚ ਕਈ ਸਾਲ ਵਡੇਰੀ ਸੀ ਉਹ। ਉਹਨੂੰ ਵਿਆਹਿਆਂ ਕਈ ਵਰ੍ਹੇ ਹੋ ਚੁੱਕੇ ਸਨ। ਮੈਂ ਕਦੇ ਉਹਦੇ ਨਾਲ ਸੰਪਰਕ ਵੀ ਨਹੀਂ ਸੀ ਰੱਖਿਆ। ਕਦੇ ਲੋੜ ਹੀ ਨਹੀਂ ਸੀ ਪਈ। ਨਾ ਹੀ ਕਦੇ ਉਤਸੁਕਤਾ ਜਾਗੀ ਸੀ, ਜਾਨਣ ਬਾਰੇ। ਸਾਡੇ ਮਾਪਿਆਂ ਦੇ ਆਪਸੀ ਸਬੰਧ ਸੁਖਾਲੇ ਸਨ। ਧਾਰਮਿਕ ਪ੍ਰਵਿਰਤੀਆਂ ਦੇ ਹੋਣ ਕਾਰਨ। ਫਿਰ ਮੈਂ ਤਾਂ ਬਹੁਤ ਸਾਲ ਘਰੋਂ ਬਾਹਰ ਰਹਿ ਕੇ ਪੜ੍ਹੀ ਸੀ। ਉੱਥੇ ਹੀ ਨੌਕਰੀ ਲੱਗ ਗਈ ਸੀ। ਬਾਅਦ ਵਿੱਚ ਗ੍ਰਹਿਸਥ ਵਿਚ ਮਗਨ ਹੋ ਗਏ। ਵਿਆਹ ਤੋਂ ਕਈ ਸਾਲ ਬਾਦ ਉਹਦੇ ਨਾਲ ਸੰਪਰਕ ਹੋਇਆ ਤੇ ਫਿਰ ਲਗਾਤਾਰ ਜੁੜੀਆਂ ਰਹੀਆਂ ਇੱਕ ਦੂਜੇ ਦੇ ਦੁੱਖ-ਸੁੱਖ ਨਾਲ਼। ਮਾਪੇ ਤਾਂ ਸਾਡੇ ਦੋਹਾਂ ਦੇ ਧਾਰਮਿਕ ਮਰਯਾਦਾ 'ਤੇ ਚੱਲਣ ਵਾਲੇ ਸਨ। ਸਾਡੇ ਬਚਪਨ ਵੀ ਇਸੇ ਮਰਯਾਦਾ ਵਿਚ ਬੀਤੇ ਸਨ, ਜਵਾਨੀਆਂ ਵੀ। ਕਦੇ ਮਾਪਿਆਂ ਨੂੰ ਕੋਈ ਸ਼ਿਕਾਇਤ ਹੀ ਨਹੀਂ ਸੀ ਹੋਈ। ਸੋ ਉਹਨਾਂ ਨੇ ਆਪਣੀ ਮਰਜ਼ੀ ਦੇ ਰਿਸ਼ਤੇ ਲੱਭ ਕੇ ਵਿਆਹ ਕੀਤੇ। ਉਸ ਸਮੇਂ ਦੇ ਹਾਲਾਤ ਮੁਤਾਬਕ ਮਾਪਿਆਂ ਦੀਆਂ ਪਸੰਦਾਂ 'ਤੇ ਫੁੱਲ ਚੜ੍ਹਾਏ। ਖੁਸ਼ੀ ਖੁਸ਼ੀ ਸਭ ਕੁਝ ਪ੍ਰਵਾਨ ਕੀਤਾ। ਜ਼ਿੰਦਗੀਆਂ ਵਧੀਆ ਢੰਗ ਨਾਲ਼ ਬੀਤਣ ਲੱਗੀਆਂ। ਇੱਕ ਦੂਜੇ ਬਾਰੇ ਘੋਖਾਂ ਕੱਢਣ ਦੀ ਲੋੜ ਹੀ ਨਹੀਂ ਪਈ। ਫਿਰ ਐਨੇ ਸਾਲ ਬੀਤਣ ਤੋਂ ਬਾਅਦ ਕੀ ਵਾਪਰ ਗਿਆ ਕਿ ਉਹਨੂੰ ਭੁੱਬਾਂ ਮਾਰ ਕੇ ਰੋਂਦੀ ਦੇ ਹਟਕੋਰੇ ਫੋਨ 'ਤੇ ਸੁਣਦੇ ਰਹੇ। ਉਹਨੇ ਕੁਝ ਨਾ ਦੱਸਿਆ। ਬੱਸ ਇੰਨਾਂ ਹੀ ਕਿਹਾ, "ਪੁੱਤ ਪੂਰਾ ਗੁਰਸਿੱਖ ਹੈ। ਉਹ ਸਾਨੂੰ ਤਾਂ ਮਾਂਵਾਂ ਧੀਆਂ ਨੂੰ ਬੁਲਾਉਂਦਾ ਹੀ ਨਹੀਂ। ਕਦੇ ਦੁਆ ਸਲਾਮ ਨਹੀਂ ਕੀਤੀ। ਰੋਟੀ ਵੀ ਆਪਣੀ ਆਪ ਪਕਾਉਂਦਾ। ਭਾਂਡੇ ਵੀ ਆਪਣੇ ਵੱਖ ਰੱਖੇ ਹੋਏ ਹਨ।''

ਮੈਂ ਕੁਝ ਹੋਰ ਨਾ ਪੁੱਛਿਆ।ਇਕ ਫ਼ਿਕਰ ਜਰੂਰ ਮਨ ਵਿਚ ਬੈਠ ਗਿਆ ਕਿ ਅਜੇ ਤਾਂ ਬੱਚੇ ਵਿਆਹੁਣੇ ਹਨ ਜੇ ਹੁਣੇ ਮਾਂ-ਬਾਪ ਪ੍ਰਤੀ ਇਹ ਵਤੀਰਾ ਹੈ ਕੱਲ੍ਹ ਨੂੰ ਬਹੂ ਨੇ ਇਨ੍ਹਾਂ ਨੂੰ ਕੀ ਪੁੱਛਣਾ? ਭੈਣ ਵਿਆਹੀ ਗਈ। ਇਹ ਉਹਦਾ ਦਰ ਨਾ ਟੱਪਿਆ ਤਾਂ ਸਹੁਰੇ ਘਰ ਉਹਦੀ ਕੀ ਹਾਲਤ ਹੋਵੇਗੀ? ਕੀ ਕੀ ਗੱਲਾਂ ਹੋਣਗੀਆਂ ਉਨ੍ਹਾਂ ਬਾਰੇ, ਧੀ ਬਾਰੇ, ਪੁੱਤ ਬਾਰੇ। ਸਮਾਜ ਦਾ ਮੂੰਹ ਥੋੜ੍ਹਾ ਬੰਦ ਕਰਵਾਇਆ ਜਾ ਸਕਦਾ? ਮਾਪਿਆਂ ਵਰਗੇ ਸਹੁਰੇ ਪੱਕੇ ਧਾਰਮਿਕ ਤਾਂ ਨਹੀਂ ਸਨ ਪਰ ਪਵਿੱਤਰ ਰੂਹਾਂ ਸਨ। ਰੱਬ ਤੋਂ ਡਰਨ ਵਾਲੇ। ਇਮਾਨਦਾਰੀ ਨਾਲ਼ ਗ੍ਰਹਿਸਥ ਚਲਾਉਣ ਵਾਲੇ ਸੱਚੇ-ਸੁੱਚੇ। ਇਹ ਕਿਹੋ ਜਿਹੀ ਧਾਰਮਿਕਤਾ ਹੈ ਜੋ ਮਾਪਿਆਂ ਨੂੰ ਛੂਹਣ ਤੋਂ ,ਉਹਨਾਂ ਦੇ ਹੱਥਾਂ ਤੋਂ ਲੈ ਕੇ ਖਾਣ ਤੱਕ ਰੋਕਦੀ ਹੈ। ਜੋ ਟੱਬਰ ਦੇ ਜੀਆਂ ਨਾਲ਼ ਅਛੂਤਾਂ ਵਾਲਾ ਵਰਤਾਓ ਕਰਦੀ ਹੈ। ਗੁਰੂ ਸਾਹਿਬ ਨੇ ਤਾਂ ਸਾਰੇ ਊਚਾਂ-ਨੀਚਾਂ ਨੂੰ ਇੱਕੋ ਬਾਟੇ ਵਿੱਚ ਅੰਮ੍ਰਿਤ ਛਕਾਇਆ ਸੀ। ਇਹ ਕਿਹੀ ਸੁੱਚ-ਭਿੱਟ ਗੁਰਸਿੱਖੀ ਵਿੱਚ ਵੜ ਗਈ? ਇਹ ਕਿਹੜਾ ਧਰਮ ਵਿੱਚ ਧਰਮ ਪੈਦਾ ਹੋ ਗਿਆ ਜਿਸ ਨੇ ਟੱਬਰ ਦੇ ਜੀਆਂ ਨੂੰ ਹੀ ਵੰਡ ਦਿੱਤਾ? ਇਹ ਕਿਹੜੇ ਗੁਰੂ ਦੀ ਸਿੱਖਿਆ ਹੈ ਜਿਸ ਕਰਕੇ ਮਾਪਿਆਂ ਤੋਂ ਪਿੱਠ ਭੁਆ ਲਈ ਜਾਂਦੀ ਹੈ। ਜਿਹਨਾਂ ਮਾਪਿਆਂ ਨੇ ਪਾਲ਼ਿਆ, ਪੜ੍ਹਾਇਆ, ਰੁਜ਼ਗਾਰ 'ਤੇ ਲਾਇਆ, ਉਹ ਹੁਣ ਪਕਾ ਕੇ ਖ਼ੁਆ ਨਹੀਂ ਸਕਦੇ, ਜਾਂ ਤੁਹਾਡੇ ਹੱਥੋਂ ਖਾ ਨਹੀਂ ਸਕਦੇ।

ਇਹ ਸਭ ਉਸ ਨੇ ਇਕ ਦਿਨ ਭਰੀਪੀਤੀ ਨੇ ਮੈਨੂੰ ਫ਼ੋਨ 'ਤੇ ਸੁਣਾਇਆ ਤਾਂ ਮੈਂ ਸਤੰਭ ਹੋ ਗਈ। ਉਹਦੀ ਤੇ ਮੇਰੀ ਮਾਂ ਬਹੁਤ ਭੋਲੀਆਂ, ਸਾਦ-ਮੁਰਾਦੀਆਂ, ਮਿਹਨਤ ਕਰਕੇ ਖਾਣ ਖੁਆਉਣ ਵਾਲੀਆਂ ਸਨ। ਅਸੀਂ ਗੁਰਸਿੱਖੀ ਦੇ ਕਿਹੜੇ ਪਾਸੇ ਵੱਲ ਤੁਰ ਪਏ ਕਿ ਆਪਣਿਆਂ ਨੂੰ ਛੱਡ, ਧੜੇ ਨੂੰ ਹੀ ਸਭ ਕੁਝ ਸਮਝਣ ਲੱਗ ਪਏ। ਮੈਂ ਉਸ ਨੂੰ ਦਿਲਬਰੀ ਦਿੰਦਿਆਂ ਕਿਹਾ, "ਮਾਨਸਿਕ ਕਲੇਸ਼ ਵਿਚ ਰਹਿਣ ਨਾਲੋਂ ਇਸੇ ਸੱਚ ਨੂੰ, ਤੇ ਅਜਿਹੇ ਹੀ ਘਰੇਲੂ ਹਾਲਾਤ ਨੂੰ ਕਬੂਲਣਾ ਪੈਣਾ। ਘਰ ਛੱਡ ਕੇ ਕਿੱਥੇ ਭੱਜੋਂਗੇ?"

ਹਾਲਾਤ ਨੂੰ ਸਮਝਦਿਆਂ ਉਸ ਨੇ ਤੇ ਉਹਦੇ ਪਤੀ ਨੇ ਰਿਸ਼ਤੇਸਾਰਾਂ ਨੂੰ ਕਹਿ ਕੇ ਬੇਟੀ ਲਈ ਚੰਗਾ ਘਰ ਪਰਿਵਾਰ

ਬਾਕੀ ਸਫਾ 28 'ਤੇ......



ਬੇਟ ਦਾ ਰਾਜਾ


# ਸਿਰਦਾਰ ਅਵਤਾਰ ਸਿੰਘ ਪਾਮਾ (ਸੈਣੀ)

**ਸੁਰਿੰਦਰ ਸਿੰਘ ਪਾਮਾ**
**ਬ੍ਰਮਪਟਨ (ਕੈਨੇਡਾ)**

ਗੁਰੂਦੁਆਰਾ ਛੋਟਾ ਘੱਲੂਘਾਰਾ ਸਾਹਿਬ ਛੰਭ ਕਾਹਨੂੰਵਾਨ ਦੀ ਪ੍ਰਬੰਧਕ ਕਮੇਟੀ ਦੇ ਫਾਊਂਡਰ ਪ੍ਰਧਾਨ ਸ. ਅਵਤਾਰ ਸਿੰਘ ਸ਼ਾਹ ਦਾ ਜਨਮ 1876 ਈ. ਵਿੱਚ ਗੁਰਦਾਸਪੁਰ ਜ਼ਿਲ੍ਹੇ ਦੇ ਗੁਨੋਪੁਰ ਪਿੰਡ ਵਿਖੇ ਸੈਣੀ ਪਰਿਵਾਰ ਵਿੱਚ ਸ. ਆਲਮ ਸਿੰਘ ਪਾਮਾ ਦੇ ਘਰ ਹੋਇਆ। ਉਨ੍ਹਾਂ ਦੇ ਦਾਦਾ ਜਥੇਦਾਰ ਮੋਤਾ ਸਿੰਘ ਪਾਮਾ ਮਹਾਰਾਜਾ ਰਣਜੀਤ ਸਿੰਘ ਦੀ ਘੋੜ ਸਵਾਰ ਫੌਜ ਵਿੱਚ ਅਹੁਦੇਦਾਰ ਸਨ। ਸ. ਅਵਤਾਰ ਸਿੰਘ ਨੇ 1929 ਵਿੱਚ ਲਮੀਣ ਪਿੰਡ ਦੀ 96 ਕਿੱਲੇ ਜ਼ਮੀਨ ਉਦੋਂ ਖਰੀਦੀ ਸੀ ਜਦੋਂ ਬੇਟ ਦੇ ਇਸ ਇਲਾਕੇ ਵਿੱਚ ਬਹੁਗਿਣਤੀ ਲੋਕ ਖਰਸੂ ਦੇ ਚੌਲਾਂ ਅਤੇ ਮੱਕੀ ਦੇ ਢੋਡਿਆਂ ਤੇ ਸਾਗ ਨਾਲ ਹੀ ਢਿੱਡ ਭਰਦੇ ਸਨ। ਫਖਰ ਨਾਲ ਕਾਹਨੂੰਵਾਨ ਬੇਟ ਅਤੇ ਮੁਕੇਰੀਆਂ ਨੇੜਲੇ ਬਚਵਾਈ ਦੇ ਲੋਕ ਸ਼ਾਹ ਜੀ ਨੂੰ 'ਬੇਟ ਦਾ ਰਾਜਾ' ਕਹਿੰਦੇ ਸਨ। ਆਪ ਨੇ ਸਾਰੀ ਉਮਰ ਕਿਰਤ ਕਰਮ ਕਰਦਿਆਂ ਸਮਾਜ ਸੁਧਾਰ ਤੇ ਸਿੱਖੀ ਦੇ ਪ੍ਰਚਾਰ ਦੇ ਲੇਖੇ ਲਾਈ। ਸ਼ਾਹ ਜੀ ਹਲਵਾਹਕ ਮੁਜਾਰਿਆਂ ਦਾ ਹਮਾਇਤੀ, ਲਤਾੜੇ ਅਤੇ ਨਕਾਰੇ ਜਾ ਰਹੇ ਲੋਕਾਂ ਦਾ ਧੜੱਲੇਦਾਰ ਆਗੂ ਸੀ।

ਅਠ੍ਹਾਰਵੀਂ ਸਦੀ ਵਿੱਚ ਜੁਝਾਰੂ ਸਿੱਖ ਸ਼ਹੀਦਾਂ ਦੀ ਛਾਉਣੀ ਬਣੇ ਰਹੇ ਛੰਭ ਕਾਹਨੂੰਵਾਲ ਵਾਲੇ ਅਸਥਾਨ ਪ੍ਰਤਿ ਸ਼ਾਹ ਜੀ ਨੇ ਆਪਣੇ ਦਾਦਾ ਜਥੇਦਾਰ ਮੋਤਾ ਸਿੰਘ ਪਾਮਾ ਤੋਂ ਬਚਪਨ ਵਿੱਚ ਹੀ ਜਾਣਕਾਰੀ ਹਾਸਲ ਕੀਤੀ ਹੋਈ ਸੀ। ਇਹ ਅਸਥਾਨ ਬਾਬਾ ਬੰਦਾ ਸਿੰਘ ਬਹਾਦਰ ਜੀ ਦੀ ਗ੍ਰਿਫਤਾਰੀ ਵਾਲੇ ਸਥਾਨ ਗੁਰਦਾਸ ਨੰਗਲ ਤੋਂ ਸੱਤ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਮਾਰਚ 10, 1746 ਵਿੱਚ ਲਾਹੌਰ ਦੇ ਸ਼ਾਸਕ ਯਾਹੀਆ ਖਾਨ ਨੇ ਲੱਖਪਤ ਰਾਏ ਨਾਲ ਰਲ਼ ਕੇ ਸਿੰਘਾਂ ਦਾ ਖੁਰਾ ਖੋਜ ਮੁਕਾਉਣ ਦੀ ਕਸਮ ਚੁੱਕੀ ਅਤੇ ਕਾਹਨੂੰਵਾਨ ਦੇ ਛੰਭ ਵਿੱਚ ਲੁਕੇ ਸਿੱਖਾਂ 'ਤੇ ਹੱਲਾ ਬੋਲ ਦਿੱਤਾ। ਤਿੰਨ ਮਹੀਨਿਆਂ ਦੇ ਯੁੱਧ ਉਪਰੰਤ ਜਦੋਂ ਸਿੰਘਾਂ ਦੇ ਗੁਰੀਲਾ ਯੁੱਧ ਨੇ ਲਖਪਤ ਰਾਏ ਦੀ ਫੌਜ ਦਾ ਬਹੁਤ ਨੁਕਸਾਨ ਕਰ ਦਿੱਤਾ ਤਾਂ ਘਬਰਾਏ ਹੋਏ ਲੱਖਪਤ ਨੇ 10 ਜੂਨ ਨੂੰ ਜੰਗਲ ਨੂੰ ਅੱਗ ਲਗਵਾ ਦਿੱਤੀ। ਇਸ ਸਥਿਤੀ ਵਿੱਚ ਸਿੰਘਾਂ ਨੇ ਫੈਸਲਾ ਕੀਤਾ ਕਿ ਜ਼ੁਲਮ ਖਿਲਾਫ ਜੰਗ ਜਾਰੀ ਰੱਖਣ ਲਈ ਕੁੱਝ ਘੋੜਸਵਾਰ ਕੂਚ ਕਰ ਜਾਣ। ਨਵਾਬ ਕਪੂਰ ਸਿੰਘ ਦੀ ਅਗਵਾਈ ਵਿੱਚ ਪਿੱਛੇ ਹਟਦੇ ਸਿੰਘਾਂ ਨੇ ਦੁਸ਼ਮਣ ਦਾ ਬਹਾਦਰੀ ਨਾਲ ਟਾਕਰਾ ਕੀਤਾ ਪਰ ਜੇਠ ਹਾੜ੍ਹ ਦੀ ਤਪਦੀ ਗਰਮੀ ਨਾਲ ਤੱਤੀ ਤਵੀ ਵਾਂਗ ਤਪਦੀ ਰੇਤ ਅਤੇ ਭੁੱਖ ਨਾਲ ਸਤਾਏ ਦਸ ਹਜ਼ਾਰ ਦੇ ਕਰੀਬ ਸਿੰਘ ਸ਼ਹੀਦੀਆਂ ਪਾ ਗਏ। ਬਚੇ ਸਿੰਘ ਮਾਧੋਪੁਰ ਦੇ ਪੱਤਣ ਰਾਹੀਂ ਰਾਵੀ ਪਾਰ ਕਰ ਕੇ ਜੰਮੂ ਕਸ਼ਮੀਰ ਦੇ ਕਠੂਏ ਇਲਾਕੇ ਵੱਲ ਵਧੇ ਜਿੱਥੇ ਗਦਾਰ ਪਹਾੜੀਆਂ ਨੇ ਉਨ੍ਹਾਂ ਨੂੰ ਇੱਧਰ ਵਧਣ ਤੋਂ ਰੋਕ ਦਿੱਤਾ। ਜਿਸ ਕਰਕੇ ਸਿੰਘਾਂ ਨੇ ਮੁੜ ਰਾਵੀ ਤੇ ਬਿਆਸ ਦਰਿਆ ਪਾਰ ਕਰਕੇ ਮਾਲਵਾ ਇਲਾਕੇ ਵਿੱਚ ਪਹੁੰਚ ਕੇ ਨਵੀਂ ਰਣਨੀਤੀ ਅਪਣਾਈ। ਸਿੰਘਾਂ ਦੀਆਂ ਇਨ੍ਹਾਂ ਸ਼ਹੀਦੀਆਂ ਨੂੰ ਇਤਿਹਾਸ ਵਿੱਚ ਛੋਟਾ ਘੱਲੂਘਾਰਾ ਕਿਹਾ ਜਾਂਦਾ ਹੈ।

ਬੜੀ ਹੈਰਾਨੀ ਹੈ ਕਿ ਮਹਾਰਾਜਾ ਰਣਜੀਤ ਸਿੰਘ ਨੇ ਇਸ ਇਲਾਕੇ ਵਿੱਚ ਮਹੰਤਾਂ ਦੀ ਪੰਡੋਰੀ ਵਿਖੇ ਵੈਸ਼ਨਵ ਧਰਮ ਦੇ ਮੰਦਰ ਲਈ ਤਾਂ ਖੁਲ੍ਹੇਦਿਲ ਨਾਲ ਮਾਇਆ ਦਿੱਤੀ ਪਰ ਨਜ਼ਦੀਕ ਹੀ ਕਾਹਨੂੰਵਾਨ ਦੇ ਸ਼ਹੀਦੀ ਸਥਾਨ ਵੱਲ ਕੋਈ ਧਿਆਨ ਨਾ ਦਿੱਤਾ। ਇਸ ਲਈ ਮਹਾਰਾਜੇ ਦੀ ਉਦਾਸੀਨਤਾ ਤੇ ਇਲਾਕੇ ਦੇ ਰੰਘੜਾਂ ਦੇ ਵਿਰੋਧ ਸਦਕਾ ਇੱਥੇ ਸ਼ਹੀਦਾਂ ਦੀ ਕੋਈ ਯਾਦਗਾਰ ਸਥਾਪਤ ਨਾ ਹੋ ਸਕੀ। ਇਸ ਦੇ ਰੋਸ ਵਜੋਂ ਜਥੇਦਾਰ ਮੋਤਾ ਸਿੰਘ ਪਾਮਾ ਮਹਾਰਾਜਾ ਦੀ ਫੌਜ ਦੀ ਨੌਕਰੀ ਛੱਡ ਕੇ ਆ ਗਏ। ਇਸ ਦਾ ਲੋਕਾਂ ਵਿੱਚ ਵੀ ਬਹੁਤ ਰੋਸ ਸੀ। ਜਿਹੜਾ ਅਹਿਮ ਕਾਰਜ ਸਿੱਖ ਰਾਜ ਸਮੇਂ ਇੱਕ ਸਿੱਖ ਮਹਾਰਾਜਾ ਨਾ ਕਰ ਸਕਿਆ ਉਹ ਵੀਹਵੀਂ ਸਦੀ ਦੇ ਤੀਜੇ ਦਹਾਕੇ ਦੇ ਅੰਤ ਵਿੱਚ ਜਥੇਦਾਰ ਮੋਤਾ ਸਿੰਘ ਦੇ ਪੋਤਰੇ ਸ. ਅਵਤਾਰ ਸਿੰਘ ਸ਼ਾਹ ਨੇ ਅੰਗਰੇਜ਼ ਦੇ ਰਾਜ ਸਮੇਂ ਨੇਪਰੇ ਚਾੜ੍ਹਨ ਵਿੱਚ ਸਫਲਤਾ ਹਾਸਲ ਕੀਤੀ।



ਇਹ ਸਮਾਂ ਅਜਿਹਾ ਸੀ ਜਦੋਂ ਅੰਗਰੇਜ਼ਾਂ ਦੀ ਪੂਰੀ ਚੜ੍ਹਤ ਸੀ। ਇਸ ਸਮੇਂ ਸਿੱਖ ਧਰਮ ਦੀ ਗੱਲ ਕਰਨੀ, ਧਰਮ ਅਸਥਾਨ ਦੀ ਸਥਾਪਤੀ ਕਰਨੀ, ਆਸਾਨ ਕੰਮ ਨਹੀਂ ਸੀ। ਬਲ੍ਹੜੇ ਪਿੰਡ ਦੀ ਰਾਜਪੂਤਾਂ ਦੀ ਜ਼ਮੀਨ ਵਿੱਚ ਵਾਪਰੇ ਇਸ ਘੱਲੂਘਾਰੇ ਵਾਲੇ ਅਸਥਾਨ ਦੇ ਨੇੜੇ ਹੀ ਪਿੰਡ ਗੁਨੋਪੁਰ ਸੈਦੋਵਾਲ ਅਤੇ ਕੋਟਲੀ ਸੈਣੀਆਂ ਦੇ ਸਿੱਖ ਵਿਚਾਰਧਾਰਾ ਵਾਲੇ ਵਸਨੀਕਾਂ ਨੇ ਇਕੱਤਰ ਹੋ ਕੇ ਇਸ ਇਤਿਹਾਸਕ ਅਸਥਾਨ ਸਬੰਧੀ ਨਿਰਣੇ ਲੈਣੇ ਸ਼ੁਰੂ ਕੀਤੇ। ਬਲ੍ਹੜੇ ਪਿੰਡ ਦੇ ਰਾਜਪੂਤ ਯਾਦ ਬਣਾਉਣ ਲਈ ਇਹ ਜ਼ਮੀਨ ਦੇਣ ਨੂੰ ਤਿਆਰ ਨਹੀਂ ਸਨ। ਲੋੜਵੰਦਾਂ ਦੇ ਮਦਦਗਾਰ ਅਤੇ ਜ਼ੁਲਮ ਦੇ ਖਿਲਾਫ ਆਖਰੀ ਦਮ ਤੱਕ ਸੰਘਰਸ਼ ਕਰਨ ਵਾਲੇ ਸ਼ਾਹ ਜੀ ਦੇ ਧੜੱਲੇਦਾਰ ਭਾਸ਼ਣਾ ਤੋਂ ਪ੍ਰਭਾਵਿਤ ਅਤੇ ਬਗਾਵਤ ਤੋਂ ਡਰਦਿਆਂ ਅੰਗ੍ਰੇਜ਼ ਡੀ.ਸੀ ਨੇ ਹੁਕਮ ਕੀਤਾ ਕਿ ਕੋਈ ਵੀ ਵਿਅਕਤੀ ਕਿਸੇ ਸਥਾਨ 'ਤੇ ਆਪਣੇ ਵਿਸ਼ਵਾਸ ਅਤੇ ਆਸਥਾ ਵਾਲਾ ਧਰਮ ਅਸਥਾਨ ਬਣਾ ਸਕਦਾ ਹੈ ਬਸ਼ਰਤੇ ਕਿ ਉਹ ਉਸ ਦੀ ਆਪਣੀ ਜ਼ਮੀਨ ਹੋਵੇ। ਇਸ ਹੁਕਮ ਦੀ ਤਾਮੀਲ ਵਿੱਚ ਸ਼ਾਹ ਜੀ ਨੇ ਬਲ੍ਹੜੇ ਵਿਖੇ ਗੁਰਦੁਆਰਾ ਬਣਾਉਣ ਲਈ ਉੱਥੋਂ ਦੇ ਜ਼ਮੀਨ ਮਾਲਕ ਰਾਜਪੂਤਾਂ ਨੂੰ ਆਪਣੀ ਤਿੰਨ ਗੁਣਾ ਜ਼ਮੀਨ ਦੇ ਕੇ ਉਨ੍ਹਾਂ ਦੀ ਗਿਆਰਾਂ ਕਨਾਲ ਜ਼ਮੀਨ ਆਪਣੇ ਨਾਮ ਕਰਵਾਈ ਅਤੇ 1932 ਵਿੱਚ

ਇਸ ਸਥਾਨ 'ਤੇ ਗਾਰੇ ਦੀ ਚਿਣਾਈ ਤੇ ਸ਼ਤੀਰਾਂ ਬਾਲਿਆਂ ਦੀ ਛੱਤ ਨਾਲ ਗੁਰਦੁਆਰਾ ਉਸਾਰਿਆ ਅਤੇ ਇੱਥੇ ਗੁਰੂ ਗ੍ਰੰਥ ਸਾਹਬ ਜੀ ਦਾ ਪ੍ਰਕਾਸ਼ ਕਰਵਾਇਆ। ਇਸ ਉਪਰੰਤ ਇਹ ਜ਼ਮੀਨ ਗੁਰੁਦੁਆਰਾ ਸਾਹਬ ਦੀ ਕਮੇਟੀ ਦੇ ਨਾਂ ਕਰਵਾ ਦਿੱਤੀ। ਜਥੇਦਾਰ ਅਵਤਾਰ ਸਿੰਘ ਸ਼ਾਹ ਜੀ ਨੇ ਲੋਕਾਂ ਨੂੰ ਸਿੱਖਾਂ ਦੇ ਸ਼ਹੀਦੀ ਸਾਕਿਆਂ ਦੇ ਇਤਿਹਾਸ ਸੁਣਾ ਕੇ ਉਨ੍ਹਾਂ ਵਿੱਚ ਗੁਰਦੁਆਰਾ ਘੱਲੂਘਾਰਾ ਸਾਹਿਬ ਉਸਾਰਨ ਲਈ ਰੋਸ ਤੇ ਜੋਸ਼ ਭਰ ਦਿੱਤਾ। ਇਸ ਦੀ ਖਬਰ ਸਰਕਾਰੇ-ਦਰਬਾਰੇ ਵੀ ਪਹੁੰਚ ਗਈ ਸੀ। ਸ਼ਾਹ ਜੀ ਨੇ ਆਪਣੇ ਜੀਵਨ ਦੇ ਅੰਤਲੇ 26 ਸਾਲ ਗੁਰਦੁਆਰਾ ਸਾਹਬ ਦੀ ਉਸਾਰੀ 'ਤੇ ਲਾ ਦਿੱਤੇ। ਹਮੇਸ਼ਾਂ ਚੜ੍ਹਦੀ ਕਲਾ ਅਤੇ ਚਿੱਟੇ ਕੱਪੜਿਆਂ ਵਿੱਚ ਰਹਿਣ ਵਾਲੇ ਸ਼ਾਹ ਜੀ ਆਖਰਕਾਰ ਬਿਮਾਰੀ ਨਾਲ ਮੰਜੇ 'ਤੇ ਪੈ ਗਏ ਅਤੇ 1946 ਵਿੱਚ ਅਕਾਲਚਲਾਣਾ ਕਰ ਗਏ। ਇਸ ਕਾਰਨ ਆਪ ਨੇ ਗੁਰੁਦੁਆਰਾ ਸਾਹਿਬ ਦੀ ਜ਼ਿੰਮੇਵਾਰੀ ਆਪਣੇ ਭਤੀਜੇ ਸ.ਤੇਜਾ ਸਿੰਘ ਨੂੰ ਸੌਂਪ ਦਿੱਤੀ।

ਸ.ਤੇਜਾ ਸਿੰਘ ਨੇ ਆਪਣੇ ਤਾਏ ਵਲੋਂ ਸੌਂਪੀ ਜ਼ਿੰਮੇਵਾਰੀ ਸੰਭਾਲਦਿਆਂ ਫੌਜ ਦੀ ਨੌਕਰੀ ਤੋਂ ਅਸਤੀਫਾ ਦੇ ਦਿੱਤਾ। ਦੇਸ਼ ਦੀ ਵੰਡ ਸਮੇਂ 1947 ਵਿੱਚ ਸਿੱਖਾਂ ਦੇ ਦੁਸ਼ਮਣਾ ਨੇ ਗੁਰਦੁਆਰਾ ਸਾਹਬ ਦੀ ਇਮਾਰਤ ਨੂੰ ਨੁਕਸਾਨ ਪਹੁੰਚਾਉਣ ਦੀ ਕੋਸ਼ਿਸ਼ ਕੀਤੀ ਪਰ ਜਥੇਦਾਰ ਤੇਜਾ ਸਿੰਘ ਦੀ ਪ੍ਰਧਾਨਗੀ ਹੇਠ ਬਣੀ ਅਮਨ ਕਮੇਟੀ ਨੇ ਕੋਈ ਵੀ ਸਾਜ਼ਿਸ਼ ਕਾਮਯਾਬ ਨਾ ਹੋਣ ਦਿੱਤੀ। ਆਪ 'ਤੇ ਜਿਸਮਾਨੀ ਹਮਲਾ ਵੀ ਹੋਇਆ ਜਿਸ ਤੋਂ ਉਨ੍ਹਾਂ ਨੇ ਹੁਸ਼ਿਆਰੀ ਨਾਲ ਬਚਾਅ ਕਰ ਲਿਆ। ਇੱਕ ਹਮਲੇ ਵਿੱਚ ਉਹ ਗੰਭੀਰ ਰੂਪ ਵਿੱਚ ਜ਼ਖਮੀ ਵੀ ਹੋਏ ਪਰ ਗੁਨੋਪੁਰ ਤੇ ਸੈਦੋਵਾਲ ਦੋਵੇਂ ਪਿੰਡ ਨਿਰੋਲ ਸੈਣੀ ਸਿੱਖ ਬਰਾਦਰੀ ਦੇ ਹੋਣ ਕਾਰਨ ਬਚਾਅ ਹੋ ਗਿਆ। ਇਸ ਸਮੇਂ ਅਮਨ ਕਮੇਟੀ ਨਾਲ ਸਬੰਧਿਤ ਭਾਈਚਾਰਕ ਸਾਂਝ ਦੇ ਮੁਦਈ ਗੁਰੂ ਦੇ ਸਿੱਖ ਸ਼ਹੀਦ ਵੀ ਹੋਏ। ਦੇਸ਼ ਦੀ ਵੰਡ ਉਪਰੰਤ ਤੇਜਾ ਸਿੰਘ ਪੰਜਾਬ ਸਰਕਾਰ ਦੇ ਵਿਕਾਸ ਮਹਿਕਮੇ ਵਿੱਚ ਪੰਚਾਇਤ ਅਫਸਰ ਦੀ ਨੌਕਰੀ ਕਰਦਿਆਂ 26 ਸਾਲ ਤੱਕ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਬਣ ਕੇ ਸਮਾਜ ਸੇਵਾ ਕਰਦੇ ਰਹੇ।ਆਪ ਨੇ ਇਮਾਨਦਾਰੀ ਅਤੇ ਇਨਸਾਨੀਅਤ ਪੱਲੇ ਬੰਨ੍ਹ ਕੇ ਨਿੱਜਵਾਦ ਤੋਂ ਉੱਚਾ ਉਠ ਕੇ ਇਸ ਪਵਿੱਤਰ ਧਾਰਮਿਕ ਸਥਾਨ ਦੀ ਸੇਵਾ ਕੀਤੀ। ਆਪ ਨੇ ਸੰਗਤਾਂ ਦੇ ਚੜ੍ਹਾਵੇ ਨਾਲ 1968 ਵਿੱਚ ਮੌਜੂਦਾ ਗੁਰਦੁਆਰਾ ਸਾਹਬ ਦਾ ਨਿਰਮਾਣ ਕਾਰਜ ਸ਼ੁਰੂ ਕਰਵਾਇਆ। ਉਨ੍ਹਾਂ ਤੋਂ ਬਾਅਦ 1972 ਤੋਂ ਮਾਸਟਰ ਜੌਹਰ ਸਿੰਘ (ਸਾਬਕਾ ਐਮ.ਐਲ.ਏ.) ਅਤੇ ਮਾਸਟਰ ਪ੍ਰੀਤਮ ਸਿੰਘ ਨੇ ਗੁਰਦੁਆਰਾ ਸਾਹਬ ਦੇ ਵਿਕਾਸ ਲਈ ਦਿਨ ਰਾਤ ਇੱਕ ਕਰ ਰੱਖਿਆ। ਉਸ ਸਮੇਂ ਇਸ ਸਥਾਨ ਤੱਕ ਢਾਹਿਆਂ ਤੇ ਮਲ੍ਹਿਆਂ ਦੇ ਕੱਚੇ ਰਸਤੇ ਅਤੇ ਬੇਟ ਦੇ ਗੋਡੇ-ਗੋਡੇ ਚਿੱਕੜ ਵਿੱਚੋਂ ਲੰਘਣਾ ਪੈਂਦਾ ਸੀ। ਇਸ ਸੁੰਨਸਾਨ ਛੰਭ ਵਾਲੇ ਇਲਾਕੇ ਵਿੱਚ ਸਥਿਤ ਧਾਰਮਿਕ ਸਥਾਨ ਦੀ ਮਰਯਾਦਾ ਕਾਇਮ ਰੱਖਣ ਲਈ ਕੋਈ ਤਿਆਰ ਨਹੀਂ ਸੀ। ਡੀਡਾ ਸੈਣੀਆਂ ਪਿੰਡ ਦਾ ਇੱਕ ਨਿਹੰਗ ਸਿੰਘ ਕਾਫੀ ਸਮਾਂ ਇੱਥੇ ਸਾਂਭ-ਸੰਭਾਲ ਕਰਦਾ ਰਿਹਾ। ਹੁਣ ਇਸ ਸਥਾਨ 'ਤੇ ਬਹੁਤ ਆਲੀਸ਼ਾਨ ਗੁਰਦੁਆਰਾ ਅਤੇ ਸ਼ਹੀਦਾਂ ਦੀ ਯਾਦ ਵਿੱਚ ਯਾਦਗਾਰ ਤੇ ਸ਼ਹੀਦੀ ਸਤੰਭ ਕਾਇਮ ਹੈ।

ਇਸ ਪ੍ਰਕਾਰ ਸਰਦਾਰ ਅਵਤਾਰ ਸਿੰਘ ਸ਼ਾਹ ਜੀ ਦੀ ਦੂਰਅੰਦੇਸ਼ੀ ਸੋਚ, ਦਲੇਰੀ ਅਤੇ ਦ੍ਰਿੜ੍ਹ ਇਰਾਦੇ ਸਦਕਾ ਇਤਿਹਾਸਕ ਗੁਰਦੁਆਰਾ ਘੱਲੂਘਾਰਾ ਸਾਹਬ ਦੀ ਉਸਾਰੀ ਹੋ ਸਕੀ। ਸੈਣੀ ਬਰਾਦਰੀ ਦੇ ਲੋਕਾਂ ਲਈ ਇਹ ਬਹੁਤ ਮਾਣ ਵਾਲੀ ਗੱਲ ਹੈ।

(ਇਸ ਲੇਖ ਦੇ ਵੇਰਵੇ ਸ. ਸੁਰਿੰਦਰ ਸਿੰਘ ਪਾਮਾ ਦੀ ਪੁਸਤਕ, "ਗੁਰਦੁਆਰਾ ਛੋਟਾ ਘੱਲੂਘਾਰਾ ਸਾਹਿਬ, ਛੰਭ ਕਾਹਨੂੰਵਾਨ" ਵਿੱਚੋਂ ਲਏ ਗਏ ਹਨ। ਲੇਖਕ ਅਨੁਸਾਰ ਉਹ ਜਥੇਦਾਰ ਅਵਤਾਰ ਸਿੰਘ ਸ਼ਾਹ ਦੇ ਪੋਤਰੇ ਹਨ।)

* * * * *

....ਸਫਾ 26 ਦੀ ਬਾਕੀ

ਲੱਭ ਲਿਆ ਤੇ ਧੀ ਸਹੁਰੀਂ ਤੋਰ ਦਿੱਤੀ। ਪਰ ਭੈਣ ਦੀ ਡੋਲੀ ਵਾਲੇ ਦਿਨ ਉਹ ਵੀਰਾ ਜਿਸ ਦੇ ਸਾਹੀਂ ਜਿਉਂਦੀਂ ਸੀ ਭੈਣ, ਘਰ ਹੀ ਨਾ ਵੜਿਆ।ਭੈਣ ਦਾ ਕੀ ਹਾਲ ਹੋਇਆ ਹੋਵੇਗਾ, ਡੋਲੀ ਬੈਠਣ ਵੇਲੇ, ਹਰ ਦ੍ਰਵਿਤ -ਹਿਰਦਾ ਮਹਿਸੂਸ ਕਰ ਸਕਦਾ ਹੈ।

ਆਪਣੇ ਬੇਟੇ ਦੇ ਵਿਆਹ 'ਤੇ ਉਹਨੂੰ ਸੱਦਿਆ ਤਾਂ ਉਹ ਚਾਂਵਾਂ ਨਾਲ਼ ਭਰੀ ਚੱਲੀ ਆਈ। ਤਿੰਨ ਦਿਨ ਉਹਨੇ ਸਾਰੇ ਕਾਰਜਾਂ ਵਿਚ ਮੇਰਾ ਹੱਥ ਵਟਾਇਆ। ਹਰ ਕੰਮ ਵਿਚ ਮੈਨੂੰ ਸਹਿਯੋਗ ਦਿੱਤਾ। ਅਖੀਰਲੇ ਦਿਨ ਉਹ ਤੁਰੀ ਤਾਂ ਮੇਰੇ ਗਲ਼ੋਂ ਉਹਦੀਆਂ ਬਾਹਵਾਂ ਨਹੀਂ ਸੀ ਹਟ ਰਹੀਆਂ। ਉਹ ਆਖ ਰਹੀ ਸੀ, "ਆਪਣੇ ਪੁੱਤ ਦੇ ਵਿਆਹ ਦੇ ਚਾਅ ਮੈਂ ਤੇਰੇ ਪੁੱਤ ਦੇ ਵਿਆਹ ਵਿੱਚ ਪੂਰੇ ਕਰ ਲਏ ਨੇ। ਪੱਕੇ ਸਿੱਖਾਂ ਨਾਲੋਂ ਸਧਾਰਨ ਸਿੱਖ ਹੀ ਚੰਗੇ ਜੋ ਭਾਈਚਾਰੇ ਨਾਲ ਤਾਂ ਵਰਤਦੇ ਨੇ। ਇਨਸਾਨੀਅਤ ਧਰਮ ਨਾਲੋਂ ਉਪਰ ਹੁੰਦੀ ਹੈ। ਸਕਿਆਂ ਦੇ ਸੱਕ ਲਾਹਉਣੇ ਨੇ? ਚਾਹੀਦਾ ਤਾਂ ਪਿਆਰ ਅਤੇ ਅਪਣੱਤ ਹੈ ਜੋ ਪਰਾਇਆ ਨੂੰ ਆਪਣੇ ਬਣਾ ਲਵੇ।"

ਸਾਡੇ ਘਰੋਂ ਤਾਂ ਚਲੀ ਗਈ ਪਰ ਉਹਦੇ ਘਰ ਦੇ ਮਾਹੌਲ ਨੇ ਉਹਨੂੰ ਜ਼ਿੰਦਗੀ ਤੋਂ ਉਚਾਟ ਕਰ ਦਿੱਤਾ। ਇਕ ਉਦਾਸੀ ਉਸ ਦੇ ਮਨ ਨੂੰ ਮੱਲ ਕੇ ਬਹਿ ਗਈ। ਜਦੋਂ ਉਹਦਾ ਪੁੱਤ ਆਪਣੇ ਅੱਡ ਚੁੱਲ੍ਹੇ ਚੌਂਕੇ ਵਿਚ ਬੈਠ ਕੇ ਰੋਟੀ ਬਣਾਉਦਾ ਤਾਂ ਉਹ ਅੰਦਰ ਵੜ ਕੇ ਰੋਣ ਲੱਗ ਪੈਂਦੀ। ਆਪਣੇ ਪਤੀ ਨੂੰ ਉਹ ਅੱਗੇ ਪਿੱਛੇ ਖੁਆ ਕੇ ਤੋਰ ਦਿੰਦੀ। ਉਸ ਨੇ ਬੇਟੇ ਦੇ ਮਨ ਦੀ ਪੂਰੀ ਕਰਨ ਲਈ ਅੰਮ੍ਰਿਤ ਵੀ ਛਕ ਲਿਆ ਪਰ ਬੱਚੇ ਨੂੰ ਉਹ ਦੀ ਸੁੱਚਮ ਫੇਰ ਵੀ ਪਸੰਦ ਨਾ ਆਈ। ਹੌਲੀ ਹੌਲੀ ਇੱਕ ਹੌਲ ਤੇ ਗਮ ਦਾ ਗੋਲ਼ਾ ਉਹਦੇ ਢਿੱਡ 'ਚ ਬਣ ਗਿਆ ਜੋ ਉਹਦੀ ਜਾਨ ਲੈ ਗਿਆ।



## Alleviating Youth - Suicides

**Baldev Singh Mundra**
**Mumbai**

Just the other day, I learnt that every hour, our country is losing one young student to suicide. I feel very sad and crestfallen. This alarming figure is reported by a government agency i.e. National Crime Record Bureau and there is little room to doubt it. So, the trend needs to be taken seriously.

First and foremost, we must accept that human life is rare and is a very precious gift from God. Every life takes its own time to nourish & flourish and adds beauty and value to humanity. Every little contribution is unique; so, terminating the same prematurely, is not only improper but an immense loss to society that needs alleviation.

While government agencies and other NGOs are putting in their sincere efforts to alleviate this trend,let us focus on one particular area, where we as individuals, have a direct impact to mitigate this malignant malady.

We all -as individuals, parents, relatives, neighbours, friends and teachers- are surrounded by youth/ students. Therefore, we can play a significant role and assume responsibility in properly guiding the youth to make them understand both, the challenges as well as the various opportunities, that life has to offer. All of us aspire to succeed and thus to progress in life; and this is indeed desirable. Only an aspiring population can make the society progressive and prosperous and take it to greater heights. But, unfortunately, we seem to define 'success' too narrowly. We seem to visualize success in the form of only a few limited professions, government offices, celebrities etc. Since, in the above-stated limited forms, there are fewer vacancies than the number of aspiring candidates, it is natural that large numbers of youth are left disappointed time and again. Many youth/ students are not able to reconcile with their failure to achieve this narrowly defined 'success' and thus view it as the end of their dreams and end of their life. Mostly it seems to happen after the 12th standard examination, which is a crucial juncture for making or breaking one's career decisions. It seems to me that we need to be very sensitive to these youth/ students and we should particularly counsel them before and after the examinations.

Firstly, the youth need to be made aware of the limitless opportunities out there in the world, to work for. Career counselling at every school, Gurudwara/Temple and at society level for these youth is a must. Secondly, we as a Society should not define unsuccessful attempts as 'failures' but only as a stepping-stone or as a course-correction for greater success in life. Youth need to be deliberately counselled to take such a view of their so-called unsuccessful/aborted attempts. In fact, dreams of large projects, only materialize after many attempts. We need to nurture, even instil, the quality of grit and persistence in our youth.

The example of the Wright Brothers - Orville and Wilbur is worth-remembering here. They dreamt of flying like a bird, worked hard,then failed miserably many times before finally inventing the Aeroplane in 1903. The illustrative Poem-story written by Bernard Barton on King Robert Bruce and The Spider is also a very useful example in explaining these desirable qualities. Robert Bruce was king of Scotland. He was defeated by the army of England in 1303. He took shelter in a well and saw a spider making its web. He observed that the spider fell down many times but returned to continue to make the web and finally completed it in the seventh attempt. King Robert learnt Try, Try again. Once or Twice you may fail. Till at last you do prevail. King Robert Bruce followed this precept and regained his kingdom in his seventh attempt.

Broadly, we visualise three types of Dreams. First type is the self-inspired one like that of The Wright Brothers. Such dreams need hardly any support from parents, except encouragement based on understanding. Second type of dream is inspired by Parents

themselves e.g. Shivaji, The Maratha was inspired by his Mother, Rajmata Jijabai Bhosle to establish the Maratha Empire. In such cases guidelines by parents are required. The youth continue their education with regular interaction with parents. There is complete interaction and great understanding between parents and youth and in most such cases the end result is success and celebration. Third category of a dream is what we may describe as a Proxy dream or Forced Dreams. Example- One who works as a clerk during his tenure, desires that his child/ward rises to become the Deputy Collector. There is nothing wrong in such an ambitious aspiration being instilled in one's ward so long as it does not also foster a sense of fear in the mind of the youth/student that his failure might deeply hurt his parent/s. Fearful youth/students are bound to remain tense during the pursuit of their goal through studies etc. and this fear becomes highly counterproductive in many cases when success is not achieved.

Many parents work very hard to manage the admission of their wards into good schools even by paying exorbitant high fees. Also,they make arrangements for additional tuitions for better results and then wards are expected to fulfil the parents' expectations. Parents and wards cannot see themselves tolerating any unfavourable result. Here it is important to understand a very valuable lesson from Mahabharata. Guru Dronacharya equally imparts training in the martial arts to the Pandavas and to the Kauravas but only Arjun managed to excel in archery. So, Guru Dronacharya taught each one of them a different art / skill as per their aptitude. Yudhishter then got trained in spear-warfare whereas Bhima become expert in Gadda-Yuddh (mace-combat). Here, it is also important to remember the illustrious Eklavya. He was a son of a Bhil (tribal) and was not allowed to learn from the elite academy of GuruDronacharya. Since he had a talent for archery and single-minded devotion to his calling, he proved himself better than Arjun.

We think that a sane and safe way for the parents is, to be empathetic with their wards, and guide them in choosing a career based on realistic assessment of their wards' talent and aptitude. Once, that path is diligently chosen, they should emphasise to their wards to put in their best efforts with discipline and regularity while letting them reserve sometime-breaks for recreation through sport, entertainment etc. as we very well know that, All work &no play, makes Jack a dull boy.

Parents need to interact with their wards before any exam and also watch their quarterly / half yearly results and guide them whereever possible. Failure should not be treated as 'the end' in itself; rather as a stage to re-evaluate or reset one's goals or alternatively as a pause to garner energy before a re-attempt. We may recall that Christopher Columbus who had embarked on a journey to find the shortest route to India failed miserably. However, his failure resulted in the fortuitous discovery of America- which was a much bigger reward of success. However mere parental-preaching is not effective or enough. As a parent, to give a patient ear to your ward and to be a solid support in their testing times is one of the most important responsibilities of proper parenting.

Apart from the role of Parents, every adult's role as a friend to these youth/students is also highly important. Often, students are away from their parents and their hometown. A timely intervention may save a valuable life. Related to this, I would like to narrate an incident which transpired in my hometown of Ropar.

In 1952 a student studying in Government College Ropar was living in our neighbourhood and had become quite friendly with my elder brother. When this student wrote his last paper of the annual Degree examination, at about 11, o'clock in the night my mother heard him sobbing in the dark and immediately directed my brother to check with him. My brother (Sardar Prem Singh), immediately proceeded to pacify this young gentleman, Gurnam Singh. To calm him down, my brother narrated an incident. He asked Gurnam, how elated they felt after the

construction of the Bhakra Nangal Dam on river Sutlej in 1948. He reminded him about the visit of Jawaharlal Nehru and the Russian team comprising of Comrade Khrushchev and Comrade Brezhnev at the inauguration etc. It was only owing to this dam that now, not only was irrigation made available to the farms, but also the uncertainty of havoc caused by river-floods was reduced. One particular year in the month of December,we had planted potatoes in our fields by bringing special hilly-variety potato seeds (eyes) from Dehradun. The potato crop was almost ready to be harvested in January. Suddenly one-night, unseasonal cyclonic rain, flooded our fields and gave us not even enough time to salvagea few potatoes for our own domestic consumption. This was a very authentic picture as Gurnam had himself been a witness to this tragic incident in our life. He well remembered our depressed state and gloomy expression sat that time. But now we had recovered and were in good times!

This reminiscence had an immediate and desired impact on Gurnam that everything is not lost, when we lose a bit of something. He shared his suicidal thoughts of hopelessness and depression preceding this fortunate meeting and earnestly thanked my brother for counselling at the appropriate time. Thereafter, Gurnam worked hard and cleared the next examinations securing a position with merit!

In nut shell, parents should interact with their wards, with their wards' teachers and with their wards' peer group and generate such a congenial and harmonious environment wherein the wards develop a confidence that their parents are their spring-boards from where they may jump into any deep-waters as they can be sure that they will be saved in case it becomes necessary. Come what may, the home should be a place where a youth will always be welcomed back with open arms irrespective of the narrow definitions of "success" abounding around us. We are optimistic that in this way, instead of the Dreadful Malady of Suicides trending in our society, we will reap a sweet and BountifulMelody of vibrant youth.

(The author is a Petroleum Engineer with over 30 years' experience in Oil & Gas exploration and an ex-CMD of a central PSU (Government of India). With an added degree in Law, he provides honorary advice to the needy.)

## FINANCIAL ASSISTANCE :

Following persons have given donation to Saini Bhawan for various purposes during the past four months :-

A. **To Kaka Ram Saini Charitable Trust** for social service.

1. **Engineer Bhagwan Singh** Retd. Regional Environment officer, Pollution Control Board Haryana , Panchkula. **Rs. 51000/-**
2. **S. Krishan Singh Tamber** through S. Karnail Singh Tamber (Ex MC) # New Anaj Mandi, Rupnagar. **Rs. 10100/-**
3. **Kumari Navneet Kaur** D/o S. Harinder Singh Vill. Muzafat, Rupnagar. **Rs. 10000/-**
4. **Mrs. Ramandeep Kaur** D/o S. Bant Singh V.Bhairomajra, Rupnagar. **Rs. 10000/-**
5. **Dr. Sukhbir Singh** S/o S. Bant Singh Vill.Bhairomajra, Rupnagar. **Rs. 5000/-**

**B. To Saini Charitable Education Trust for Scholarships**

1. **S. Tarlochan Singh Panghlia** # 2509, Sec. 71, Mohali. **Rs. 50000/-**
2. **S. Baldev Singh Mundra**, Mumbai **Rs. 35500/-**
3. **Gurmukh Singh** (Ex MC) Bhagat Singh Nagar, Rupnagar **Rs. 21000/-**
4. **Smt. Ranjit Singh Girn** D/o S. Mohinder Singh Girn # Mohalla Sheikhan, Rupnagar **Rs. 10000/-**
5. **Sh. Tarsem Saini (Trustee)** # Ghuman Nagar, Patiala **Rs. 10000/-**

The administrators of Saini Bhawan are thankful to the generous donors.

# ਕਿਸਾਨੀ ਘੋਲ

ਐੱਸ.ਪੀ. ਸਿੰਘ

ਘੰਟਿਆਂ ਬੱਧੀ, ਰਾਤ-ਦਿਨ ਮੁਹਾਜ਼ 'ਤੇ ਡਟੇ ਕਿਸਾਨਾਂ ਮਜ਼ਦੂਰਾਂ ਨੂੰ ਵੇਖ ਅਤੇ ਟੀਵੀ ਦੀਆਂ ਗਰਮਾ-ਗਰਮ ਬਹਿਸਾਂ ਜਾਂ ਅਖਬਾਰਾਂ ਵਿੱਚ ਦਾਨਿਸ਼ ਤਬਸਰੇ ਪੜ੍ਹ ਕੇ ਓਪਰੀ ਨਜ਼ਰੇ ਇਹ ਭਾਸ ਸਕਦਾ ਹੈ ਕਿ ਫ਼ਸਲਾਂ ਦੇ ਵਾਜਬ ਭਾਅ, ਘੱਟੋ-ਘੱਟ ਖਰੀਦ ਮੁੱਲ ਬਾਰੇ ਕਿਸੇ ਕਾਨੂੰਨੀ ਚਾਰਾਜੋਈ ਨੂੰ ਲੈ ਕੇ ਜਾਂ ਖੇਤੀ-ਸਬੰਧਿਤ ਹਾਲੀਆ ਕੇਂਦਰੀ ਬਿੱਲਾਂ ਤੋਂ ਖ਼ੌਫ਼ਜ਼ਦਾ ਹੋ ਕੇ ਇਸ ਕਿੱਤੇ ਨਾਲ ਜੁੜੇ ਲੋਕ ਸੜਕਾਂ 'ਤੇ ਨਿਕਲ ਪਏ ਹਨ, ਦਿੱਲੀ ਦਰਬਾਰ ਸਾਹਵੇਂ ਅਹਿਤਜਾਜ ਕਰਨਾ ਲੋਚਦੇ ਹਨ, ਪਰ ਇਹ ਸਮਝ ਨਾ ਕੇਵਲ ਮਹਿਦੂਦ ਬਲਕਿ ਕਿਸਾਨ-ਮਜ਼ਦੂਰ ਘੋਲ ਦੀ ਮਨਸੂਹੀ ਰੂਪਕਾਰੀ ਹੋਵੇਗੀ। ਮਸਲਾ ਕੇਂਦਰ ਦੇ ਖੇਤੀ ਕਾਨੂੰਨਾਂ ਤੋਂ ਕਿਤੇ ਵਡੇਰਾ ਹੈ।

ਠਾਠਾਂ ਮਾਰਦਾ ਜੋਸ਼, ਖਾਈਆਂ ਪੂਰਦਾ ਹਜੂਮ, ਰੋਕਾਂ ਪੁੱਟ ਦਰਿਆ ਵਿੱਚ ਸੁੱਟਦਾ ਕਾਫ਼ਲਾ ਅਤੇ ਪੱਥਰਾਂ ਨੂੰ ਸੰਗਲ ਮਾਰ ਬੁੜ੍ਹਕਾਉਂਦੀਆਂ ਅਤੇ ਟਰੈਕਟਰਾਂ-ਟਰਾਲੀਆਂ ਅਤੇ ਧਰਮੀ ਰੋਹ ਦੇ ਬੁੱਲ੍ਹਿਆਂ 'ਤੇ ਸਵਾਰ ਖਲਕਤ ਪਾਣੀ ਦੀਆਂ ਤੋਪਾਂ ਤੇ ਜ਼ਹਿਰੀਲੀਆਂ ਗੈਸਾਂ ਦੀਆਂ ਹਨ੍ਹੇਰੀਆਂ ਦੀ ਹਿੱਕ ਚੀਰ ਇਸ ਲਈ ਅੱਗੇ ਨਹੀਂ ਵਧਦੀ ਕਿ ਕਿਸੇ ਨੇ ਉਹ ਦਾ ਖੀਸਾ ਕੱਟ ਲਿਆ ਹੈ। ਚੌਂਹ ਛਿੱਲੜਾਂ ਦੇ ਘਾਟੇ ਕਦੀ ਸੰਗਤ ਵਿੱਚ ਇੰਨਾ ਨੂਰ ਨਹੀਂ ਭਰ ਸਕਦੇ ਕਿ ਉਹ ਹਾਕਮ ਦਾ ਗਰੂਰ ਭੰਨਣ ਤੁਰ ਪਵੇ, ਦਿੱਲੀ ਨੂੰ ਇਉਂ ਵੰਗਾਰੇ। ਇਹ ਸਭ ਤਾਂ ਵਕਤੀ ਕਾਰਨ ਹਨ, ਰੱਬੀਂ ਬਣੇ ਬਹਾਨੇ ਹਨ। ਦਰਅਸਲ ਇਸ ਹਾਲੀਆ ਘਟਨਾਕ੍ਰਮ ਪਿੱਛੇ ਬਹੁਤ ਸਾਰੇ ਵਰਤਾਰੇ ਪਏ ਹਨ ਜਿਨ੍ਹਾਂ ਦੀ ਨਿਸ਼ਾਨਦੇਹੀ ਕਰਨੀ ਜ਼ਰੁਰੀ ਹੈ।

ਇੱਕ ਲੰਮੇ ਸਮੇਂ ਤੋਂ ਹਾਕਮ ਨੇ ਗ਼ਰੂਰ ਨਾਲ ਪੀਢਾ ਰਿਸ਼ਤਾ ਰਚ ਰੱਖਿਆ ਸੀ। ਕਿਹੜਾ ਕੀ ਖਾਵੇ, ਕਿਸ ਨਾਲ ਵਿਆਹ ਕਰਵਾਏ, ਕਿਹੜਾ ਧਰਮ ਅਪਣਾਵੇ, ਸਭ ਹਾਕਮ ਹੀ ਤੈਅ ਕਰ ਰਿਹਾ ਸੀ। ਤੁਹਾਡੀਆਂ ਗਲੀਆਂ, ਬਾਜ਼ਾਰਾਂ, ਚੌਕਾਂ, ਸ਼ਹਿਰਾਂ, ਰੇਲਵੇ 'ਟੇਸ਼ਣਾ, ਹਵਾਈ ਅੱਡਿਆਂ ਦੇ ਨਾਮ ਕਿਸ ਨੂੰ ਮਨਸੂਖ ਹੋਣਗੇ, ਇਹ ਇਲਾਹੀ ਫ਼ੁਰਮਾਨ ਉਹਦੇ ਢੋਲੀ ਦੱਸਦੇ ਸਨ। ਕੁਸਕਣ ਵਾਲਿਆਂ ਦੀ ਸਰੇਰਾਹ ਦੁਰਗਤ ਦੀਆਂ ਫਿਲਮਾਂ ਵਾਇਰਲ ਹੁੰਦੀਆਂ ਤਾਂ ਇਨਸਾਫ਼ ਦੀ ਚੱਕੀ ਦੇ ਪੁੜ ਜੰਮ ਜਾਂਦੇ ਪਰ ਹਾਕਮਾਂ ਦੇ ਜ਼ੁਲਮ ਦਾ ਪਰਚਮ ਹੋਰ ਬੁਲੰਦ ਹੁੰਦਾ।

ਲੰਬੇ ਸਮੇਂ ਤੋਂ ਭੈਅ ਅਤੇ ਸਹਿਮ ਦੀ ਜ਼ਮੀਨ ਤਿਆਰ ਕੀਤੀ ਜਾ ਰਹੀ ਸੀ, ਚੁੱਪ ਦੀ ਭਗਵੀਂ ਚਾਦਰ ਵਿਛਾਈ ਜਾ ਰਹੀ ਸੀ। ਹਾਕਮਾਂ ਦੇ ਮੁਖ਼ਾਲਿਫ਼ਾ ਉੱਤੇ ਦੇਸ਼-ਧ੍ਰੋਹੀ ਦਾ ਗਿਲਾਫ਼ ਚੜ੍ਹਾਉਣ ਦੀ ਰੀਤ ਤੁਰ ਪਈ ਸੀ। 'ਸਰਮੁ ਧਰਮੁ ਦੁਇ ਛਪਿ ਖਲੋਏ' ਤਾਂ ਹਾਕਮ ਨੇ ਡਰ ਨੂੰ ਆਪਣਾ ਹਥਿਆਰ ਬਣਾ ਲਿਆ। ਮੁਲਕ ਨੂੰ ਕੰਨੋਂ ਕੰਨ ਖ਼ਬਰ ਹੋ ਗਈ ਕਿ ਇਨ੍ਹਾਂ ਨੂੰ ਕਿਸੇ ਦੀ ਪਰਵਾਹ ਨਹੀਂ।

ਫਿਰ ਅਜਬ ਇੱਕ ਭਾਣਾ ਵਰਤਿਆ। ਜ਼ਹਿਰ ਦੀ ਖੇਤੀ ਕਰਨ ਵਾਲਿਆਂ ਅੰਨ ਦੀ ਖੇਤੀ ਕਰਨ ਵਾਲਿਆਂ ਦੇ ਹੱਕ ਨੂੰ ਹੱਥ ਪਾ ਲਿਆ। ਭਾਣੇ ਵਿੱਚ ਰਹਿਣ ਵਾਲਿਆਂ ਦੀ ਫ਼ਿਤਰਤ ਨੂੰ ਕਮਜ਼ੋਰੀ ਸਮਝ ਕੇ ਹਾਕਮ ਨੇ ਨਾਕੱਸ ਕਾਨੂੰਨ ਦੇ ਰੱਸੇ ਨਾਲ ਨੂੜਨ ਦਾ ਟੋਟਕਾ ਵਰਤਿਆ। ਅਖੇ ਦਿੱਲੀ ਆ ਜਾ, ਤੈਨੂੰ ਸਮਝਾਵਾਂਗੇ ਤੇਰਾ ਕਿੰਨਾਂ ਭਲਾ ਕੀਤਾ ਹੈ। ਦਿੱਲੀ 'ਚ ਸਮਝਾਉਣ ਦੀ ਸ਼ਕਤੀ ਜੋ ਬੜੀ ਏ: ਪਿਛਲੇ ਸਾਲ ਕਸ਼ਮੀਰ ਨੂੰ ਵੀ ਸਮਝਾ ਵੰਞਿਆ ਸੀ। ਸੋਚਿਆ ਹੋਣੈ ਕਿ ਦਰਬਾਰ ਤੱਕ ਆਉਂਦਿਆਂ ਸਭਨਾਂ ਦੀਆਂ ਜੁੱਤੀਆਂ ਤੇ ਗਰੂਰ ਘਸ ਜਾਂਦਾ ਏ, ਇਨ੍ਹਾਂ ਨੂੰ ਵੀ ਪਲੋਸ ਲਵਾਂਗੇ।



ਪਰ ਖ਼ਲਕਤ ਖੀਸਾ ਕੱਟਣ ਦੀ ਸ਼ਿਕਾਇਤ ਲੈ ਕੇ ਦਿੱਲੀ ਨੂੰ ਕੂਚ ਨਹੀਂ ਸੀ ਕਰ ਰਹੀ, ਉਹ ਤਾਂ ਇਨਸਾਨੀਅਤ ਨੂੰ ਪਿਆਰ ਕਰਨ ਵਾਲਿਆਂ ਦੀ ਆਵਾਜ਼ ਅਤੇ ਅਹਿਸਾਸ ਉੱਤੇ ਮਾਰੇ ਹਕੂਮਤੀ ਆਕੜ ਦੇ ਬੰਨ੍ਹ ਭੰਨਣ ਉੱਤੇ ਉੱਤਰ ਆਈ ਸੀ। ਚਿਰ ਬਾਅਦ ਦੇਸ਼ ਨੇ ਦੇਖਿਆ ਕਿ ਗ਼ਰੂਰ ਤੋੜਿਆ ਜਾ ਸਕਦਾ ਹੈ, ਚੜ੍ਹ ਕੇ ਪਾਣੀ ਵਾਲੀ ਤੋਪ ਉੱਤੇ ਜ਼ੁਲਮ ਦਾ ਨੱਕਾ ਮੋੜਿਆ ਜਾ ਸਕਦਾ ਹੈ।

ਪੰਜਾਬ ਅਤੇ ਹਰਿਆਣਾ ਨੇ ਨਵੀਆਂ ਸਾਂਝਾਂ ਪਾਈਆਂ ਨੇ, ਪੁਰਾਣੀਆਂ ਲੱਭੀਆਂ ਨੇ। ਸ਼ਰੀਕੇ ਦੀ ਥਾਂ ਇਨਸਾਫ਼ ਦੀ ਲੜਾਈ ਵਿੱਚ ਮੁਸ਼ਤਰਕਾ ਸ਼ਰੀਕ ਹੋਏ ਨੇ। ਇਨ੍ਹਾਂ ਰੂਹਦਾਰੀਆਂ ਨੇ ਮੁਖ਼ਾਲਫ਼ਤ ਦੀ ਵਿਆਕਰਣ ਬਦਲ ਕੇ ਰੱਖ ਦਿੱਤੀ ਹੈ। ਹਾਕਮ ਖ਼ਿਲਾਫ਼ ਨਾਅਰਾ ਮਾਰਨ ਤੋਂ ਪਹਿਲਾਂ ਫਲਾਣੇ ਤੋਂ ਇਜਾਜ਼ਤ ਲਵੋ, ਧਰਨੇਵਾਲੀ ਦਰੀ ਫਲਾਣੇ ਸ਼ਮਸ਼ਾਨਘਾਟ ਕੋਲ ਵਿਛਾਓ, ਅੱਜ ਕਰੋਨਾ ਨੂੰ ਬੁਲਾਇਆ ਹੈ, ਤੁਸੀਂ ਕੱਲ੍ਹ ਨੂੰ ਆਓ- ਇਸ ਪਾਖੰਡਬਾਜ਼ੀ ਨੂੰ ਬੰਨ੍ਹ ਮਾਰ ਦਿੱਤਾ ਹੈ।

ਲੜਾਈ ਖੇਤੀ ਕਾਨੂੰਨਾਂ ਤੋਂ ਬਹੁਤ ਵਡੇਰੀ ਹੈ। ਇਹ ਦੇਸ਼ ਵਿੱਚ ਨਿਆਂ-ਫ਼ਰਹਾਮੀ ਅਤੇ ਵਿਕਾਸ ਬਾਰੇ ਸਮਝਦਾਰੀ ਅਤੇ ਸਮਝ-ਤਰਾਸ਼ੀ ਦੀ ਲੜਾਈ ਹੈ। ਅਸੀਂ ਮਸ਼ੀਨੀ ਤੇਜ਼ੀ ਨਾਲ ਨਵੀਆਂ ਗ਼ੈਰਬਰਾਬਰੀਆਂ ਦੀ ਦਲਦਲ ਵਿੱਚ ਫਸਦੇ ਜਾ ਰਹੇ ਹਾਂ। ਇੱਕ ਪਾਸੇ ਸੱਤਾ ਅਤੇ ਸੰਪਤੀ ਦਾ ਲਗਾਤਾਰ ਕੇਂਦਰੀਕਰਨ ਅਤੇ ਦੂਜੇ ਪਾਸੇ ਸਿਹਤ, ਸਿੱਖਿਆ, ਰੁਜ਼ਗਾਰ ਅਤੇ ਨਿਆਂ ਤੋਂ ਅਵਾਜ਼ਾਰ ਨਾਗਰਿਕ- ਸਾਡੀ ਰਾਜਨੀਤਿਕ

ਜ਼ਮੀਨ ਵਿਚਲਾ ਹਰ ਘੋਲ ਹੁਣ ਗੈਰਬਰਾਬਰੀ ਦੀ ਪਰਿਭਾਸ਼ਾ ਹੈ। ਦਿੱਲੀ ਦੇ ਬਾਰਡਰ 'ਤੇ ਨਾਬਰਾਬਰੀਆਂ ਖ਼ਿਲਾਫ਼ ਐਲਾਨ-ਏ-ਜੰਗ ਦੇ ਬਿਗਲ ਵੱਜੇ ਹਨ। ਇਹ ਖੀਸੇ ਦੇ ਚਹੁੰ ਛਿੱਲੜਾਂ ਦੇ ਨਹੀਂ, ਨਾਗਰਿਕਾਂ ਦੀ ਹੋਂਦ ਦੇ ਸਵਾਲ ਹਨ।

ਨਵੀਆਂ ਹਕੀਕਤਾਂ ਦੇ ਸਨਮੁੱਖ ਹੋਣ ਲਈ ਜ਼ਮੀਨ ਉੱਤੇ ਬਹੁਤ ਕੁੱਝ ਬਦਲ ਜਾਵੇਗਾ। ਇਹ ਮੁਸ਼ੱਕਤ ਅਸਲ ਵਿੱਚ ਆਉਣ ਵਾਲੇ ਘੋਲਾਂ ਵਿੱਚ ਆਪਣੀ ਹੋਂਦ ਨੂੰ ਬਣਾਈ ਰੱਖਣ ਦੀ ਲੜਾਈ ਹੈ ਤਾਂ ਜੋ ਜਿਵੇਂ ਜਿਵੇਂ ਨਵੀਆਂ ਭਵਿੱਖੀ ਹਕੀਕਤਾਂ ਨਾਲ ਸਿੱਝਣ ਲਈ ਕਾਨੂੰਨ ਬਣਨ, ਵਪਾਰ ਦੇ ਢੰਗ ਬਦਲਣ, ਮੰਡੀਆਂ ਦੀ ਬਣਤਰ ਬਦਲੇ, ਖੇਤੀ ਵਣਜ ਵਪਾਰ ਦੀ ਧਰਾਤਲ ਬਦਲੇ ਤਾਂ ਸਰਕਾਰਾਂ ਅਤੇ ਹਾਕਮਾਂ ਉੱਤੇ ਇਹ ਆਇਦ ਹੋਵੇ ਕਿ ਉਹ ਨਾਗਰਿਕਾਂ ਨੂੰ ਅਹਿਤਮਾਦ ਵਿੱਚ ਲੈਣ, ਉਨ੍ਹਾਂ ਨੂੰ ਅਕਲਸਾਜ਼ੀ ਵਿੱਚ ਹਿੱਸੇਦਾਰ ਬਣਾਉਣ। ਹੱਲਸਾਜ਼ੀ ਵਿੱਚ ਹਾਲੀ ਨੂੰ ਨਾਲ ਲੈ ਕੇ ਨਹੀਂ ਚੱਲੋਗੇ ਤਾਂ ਉਹ ਟਰੈਕਟਰ 'ਤੇ ਚੜ੍ਹ ਰਣਰੱਤੇ 'ਚ ਕੁੱਦਣ ਤੋਂ ਗੁਰੇਜ਼ ਨਹੀਂ ਕਰੇਗਾ।

ਸਾਡੀਆਂ ਅਦਾਲਤਾਂ ਨੇ ਲੰਬੇ ਸਮੇਂ ਤੋਂ ਇਸ ਪਾਖੰਡ ਵਿੱਚ ਹਿੱਸਾ ਪਾਇਆ ਹੈ ਕਿ ਨਾਗਰਿਕਾਂ ਦੇ ਸਮੂਹ ਸੜਕਾਂ 'ਤੇ ਆਉਣ ਨਾਲ ਆਮ ਜ਼ਿੰਦਗੀ ਵਿੱਚ ਖ਼ਲਲ ਪੈਂਦਾ ਹੈ। ਜੇ ਕਾਨੂੰਨ ਆਪਣੀਆਂ ਅੱਖਾਂ ਤੋਂ ਹਕੂਮਤਾਂ ਦੀ ਬੰਨ੍ਹੀ ਪੱਟੀ ਹਟਾ ਕੇ ਵੇਖਦਾ ਤਾਂ ਉਹ ਨੂੰ ਦਿਸਦਾ ਕਿ ਜਦੋਂ ਆਮ ਜ਼ਿੰਦਗੀ ਵਿੱਚ ਹਾਕਮ ਖ਼ਲਲ ਪਾਉਂਦੇ ਹਨ, ਉਦੋਂ ਹੀ ਨਾਗਰਿਕ ਸੜਕਾਂ 'ਤੇ ਉਮੜਦੇ ਹਨ।

ਇਸ ਲੋਕ ਏਕਤਾ ਦਾ ਅੱਗੇ ਜਾਣਾ ਮੁਲਕ ਭਰ ਵਿੱਚ ਹੱਕੀ ਲੜਾਈਆਂ ਲਈ ਬਹੁਤ ਜ਼ਰੂਰੀ ਹੈ। ਘੱਟਗਿਣਤੀਆਂ, ਦਲਿਤਾਂ, ਔਰਤਾਂ, ਮਿਹਨਤਕਸ਼ਾਂ, ਫੈਕਟਰੀਆਂ ਤੇ ਕਾਰਖਾਨਿਆਂ 'ਚ ਕੰਮ ਕਰਦੇ ਕਿਰਤੀਆਂ, ਸਵਰਗ ਕਹਾਉਂਦੀ ਵਾਦੀ ਵਿੱਚ ਵਿਹੁ-ਚੱਕਰ ਵਿੱਚ ਕੁਚਲੇ ਜਾ ਰਹੇ ਨੌਜਵਾਨ ਦਿਲਾਂ ਨੂੰ ਦਿੱਲੀ ਦੇ ਬਾਰਡਰ ਤੋਂ ਸੈਨਤਾਂ ਮਿਲ ਰਹੀਆਂ ਹਨ। ਗੁਰੂ-ਸੁਆਰੀ ਸੰਗਤ ਲੰਗਰ ਛਕ ਰਹੀ ਹੈ, ਯੁੱਧ ਕਰ ਰਹੀ ਹੈ, ਸੱਚ ਲਈ ਲੜ ਰਹੀ ਹੈ, ਹੱਕ ਲਈ ਲੜਨ ਵਾਲਿਆਂ ਲਈ ਨਵਾਂ ਨਿਸਾਬ ਘੜ ਰਹੀ ਹੈ। ਨਗਾਰਿਆਂ ਦੇ ਡੱਗੇ ਕਿਸੇ ਰੂਸ, ਚੀਨ ਤੋਂ ਨਹੀਂ ਸਿੱਖੇ, ਨਾਅਰੇ ਕਿਸੇ ਲੈਨਿਨਗ੍ਰਾਦ ਤੋਂ ਨਹੀਂ ਮੰਗੇ। ਜਿਨ੍ਹਾਂ ਬੰਦ ਬੰਦ ਕਟਵਾਏ, ਚਰਖੜੀਆਂ 'ਤੇ ਚੜ੍ਹੇ, ਆਰਿਆਂ ਨਾਲ ਚਿਰਾਏ ਗਏ, ਤਿਨ੍ਹਾਂ ਦੀਆਂ ਸੰਤਾਨਾਂ ਨੇ ਹੱਕ ਦੇ ਡੰਕੇ ਆਣ ਵਜਾਏ ਹਨ।( ਪੰਜਾਬੀ ਟ੍ਰਿਬਿਊਨ 'ਚੋਂ ਧੰਨਵਾਦ ਸਹਿਤ)

❊ ❊ ❊ ❊ ❊

ਲੋਕ ਇਹ ਤਾਂ ਜਾਣਦੇ ਸਨ ਕਿ ਇਹ ਯੋਧਿਆਂ ਦੀ ਕੌਮ ਹੈ, ਹਥਿਆਰਾਂ ਦੀ ਜੰਗ ਵਿੱਚ ਇਨ੍ਹਾਂ ਦਾ ਕੋਈ ਸਾਨੀ ਨਹੀਂ ਪਰ ਉਨ੍ਹਾਂ ਇਹ ਦੇਖਿਆ ਕਿ ਸ਼ਾਂਤਮਈ ਸਹਿਨਸ਼ੀਲਤਾ ਸੂਰਬੀਰਤਾ ਨਾਲ ਵੀ ਸ਼ਾਇਦ ਹੀ ਦੁਨੀਆਂ 'ਤੇ ਇਨ੍ਹਾਂ ਨਾਲ ਕੋਈ ਬਰ ਮੇਚ ਸਕੇ।

## ਅਸਲ ਲੋਕਤੰਤਰ

ਅਮਰੀਕਾ ਦੇ ਸੂਬੇ ਮਿਨੇਸੋਟਾ ਦੇ ਸ਼ਹਿਰ ਮਿਨਿਆਪੋਲਸ ਵਿੱਚ 2020 ਦੇ ਮਈ ਮਹੀਨੇ ਇੱਕ ਸਿਆਹਫ਼ਾਮ(ਬਲੈਕ) ਜੌਰਜ ਫਲਾਇਡ ਦੀ ਪੁਲਸ ਹੱਥੋਂ ਹੋਈ ਮੌਤ ਤੋਂ ਬਾਅਦ ਦੇਸ਼ਭਰ ਦੇ ਵੱਖ ਵੱਖ ਸੂਬਿਆਂ ਵਿੱਚ ਵੱਡੇ ਵੱਡੇ ਰੋਸ ਮੁਜ਼ਾਹਰੇ ਹੋਏ। ਇਸ ਸਮੇਂ ਦੇਸ਼ ਦੇ ਰਾਸ਼ਟਰਪਤੀ ਨੇ ਗਵਰਨਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਪੁਲਿਸ ਨੂੰ ਹਾਲਾਤ 'ਤੇ ਹਾਵੀ ਹੋ ਜਾਣਾ ਚਾਹੀਦਾ ਹੈ। ਇਸ ਬਿਆਨ 'ਤੇ ਪ੍ਰਤਿਕਿਰਿਆ ਕਰਦਿਆਂ ਟੈਕਸਾਸ ਸੂਬੇ ਦੇ ਸ਼ਹਿਰ ਹਿਊਸਟਨ ਦੇ ਪੁਲਿਸ ਮੁਖੀ ਆਰਟ ਅਕਵੈਡੋ ਨੇ ਕਿਹਾ, "ਮੈਂ ਦੇਸ਼ ਦੇ ਪੁਲਿਸ ਮੁਖੀਆਂ ਵਲੋਂ ਅਮਰੀਕਾ ਦੇ ਰਾਸ਼ਟਰਪਤੀ ਨੂੰ ਕਹਿਣਾ ਚਾਹੁੰਦਾ ਹਾਂ ਕਿ ਜੇ ਉਨ੍ਹਾਂ ਕੋਲ ਕਹਿਣ ਲਈ ਕੋਈ ਸੁਚਾਰੂ ਗੱਲ ਨਹੀਂ ਤਾਂ ਉਨ੍ਹਾਂ ਨੂੰ ਆਪਣਾ ਮੂੰਹ ਬੰਦ ਰੱਖਣਾ ਚਾਹੀਦਾ ਹੈ।...ਮਾਮਲਾ ਹਾਵੀ ਹੋਣ ਦਾ ਨਹੀਂ ਸਗੋਂ ਲੋਕਾਂ ਦੇ ਦਿਲਾਂ ਨੂੰ ਜਿੱਤਣ ਦਾ ਹੈ"। **ਇਹ ਹੈ ਅਸਲ ਲੋਕਤੰਤਰ**। ਕੀ ਸਾਡੇ ਦੇਸ਼ ਦੇ ਵਰਤਮਾਨ ਹਾਲਾਤਾਂ ਵਿੱਚ ਇਹ ਸੰਭਵ ਹੈ?

❊ ❊ ❊ ❊ ❊



## ਗ਼ਜ਼ਲ

ਬਲਬੀਰ ਸਿੰਘ ਸੈਣੀ, ਨੰਗਲ

ਚੋਰ-ਵੱਟੇ ਸਾਧ ਨੂੰ, ਤੇ ਸਾਧ ਵੱਟੇ ਚੋਰ ਨੂੰ,
ਫੜਨਾ ਹੁੰਦਾ ਹੋਰ ਨੂੰ, ਫੜ ਬੈਠਦੇ ਨੇ ਹੋਰ ਨੂੰ।

ਹਰ ਤਰਫ਼ ਹੈ ਹਿੱਸਾ-ਪੱਤੀ, ਸੌਦੇਬਾਜ਼ੀ ਹਰ ਤਰਫ਼
ਆਪ ਜਿਹੜਾ ਚੋਰ ਹੈ, ਉਹ ਕੀ ਫੜੂਗਾ ਚੋਰ ਨੂੰ ?

ਲੋਕ ਵੀ ਕਦ ਘਟ ਨੇ ਅਜ ਦੀ ਸਿਆਸੀ-ਚਾਲ ਤੋਂ,
ਵਾਅਦਾ ਕਰਦੇ ਹੋਰ ਨੂੰ ਤੇ ਵੋਟ ਦਿੰਦੇ ਹੋਰ ਨੂੰ ।

ਇਕ ਪਾਸੇ ਤਾਂ ਹਾਕਮ ਸਾਨੂੰ ਕਹਿੰਦੇ ਨੇ ਚੌਕਸ ਰਹੋ,
ਦੂਜੇ ਪਾਸੇ ਆਪ ਕਰਦੇ ਨੇ ਇਸ਼ਾਰਾ ਚੋਰ ਨੂੰ ।

ਹੋ ਗਏ ਨੇ ਇਸ ਕਦਰ ਪਿਆਰੇ ਵੀ ਅੱਜਕਲ੍ਹ ਸਿਆਸਤੀ,
ਲਾਰੇ ਲਾਂਦੇ ਹੋਰ ਨੂੰ ਤੇ ਪਿਆਰ ਕਰਦੇ ਹੋਰ ਨੂੰ।

ਖਵਰੇ ਕੀ ਛੁਪਿਆ ਹੈ ' ਸੈਣੀ' ਦਿਲ ਦੀ ਹਰ ਧੜਕਣ ਦੇ ਵਿੱਚ,
ਕੋਈ ਅਪਣਾ ਬਣ ਕੇ ਪੁੱਛੇ, ਦੱਸੀਏ ਕੀ ਹੋਰ ਨੂੰ ?

❊ ❊ ❊ ❊ ❊



## ਦ੍ਰਿਸ਼ਟੀਹੀਨ ਐਵਰੈਸਟ ਜੇਤੂ

# ਐਰਿਕ ਵੇਹਨਮੇਅਰ

**ਡਾ. ਅਜਮੇਰ ਸਿੰਘ**
**ਸੈਣੀ ਭਵਨ, ਰੂਪਨਗਰ**

ਉਹ ਅੰਨ੍ਹਾਂ ਹੈ ਪਰ ਐਥਲੀਟ, ਖਤਰਿਆਂ ਦਾ ਖਿਲਾੜੀ, ਲੇਖਕ ਅਤੇ ਪ੍ਰੇਰਕ ਵਕਤਾ ਹੈ। ਦੁਨੀਆਂ ਦੀ ਸਭ ਤੋਂ ਉੱਚੀ ਮਾਊਂਟ ਐਵਰੈਸਟ ਦੀ ਚੋਟੀ 'ਤੇ ਚੜ੍ਹਨ ਵਾਲਾ ਪਹਿਲਾ ਅੰਨ੍ਹਾਂ ਵਿਅਕਤੀ ਹੈ। ਉਸ ਦੀ ਇਸ ਪ੍ਰਾਪਤੀ ਨੂੰ ਵਿਸ਼ਵ ਪ੍ਰਸਿੱਧ ਟਾਈਮ ਮੈਗਜ਼ੀਨ ਨੇ ਆਪਣੇ ਮੁੱਖ ਪੰਨੇ 'ਤੇ ਸਥਾਨ ਦਿੰਦਿਆਂ ਲਿਖਿਆ ਸੀ, " ਜੋ ਐਰਿਕ ਨੇ ਕਰ ਦਿਖਾਇਆ ਹੈ ਉਸ ਦੀ ਤੁਲਨਾ ਕਰਨੀ ਮੁਸ਼ਕਲ ਹੈ ਕਿਉਂਕਿ ਪਹਿਲਾਂ ਕੋਈ ਇਸ ਨੂੰ ਨਹੀਂ ਕਰ ਸਕਿਆ। ਇਹ ਅਜਿਹੀ ਅਦੁੱਤੀ ਪ੍ਰਾਪਤੀ ਹੈ ਜਿਸ ਨੇ ਮਨੁੱਖ ਦੀ ਕਾਰਜ ਸਮਰੱਥ ਦੀਆਂ ਸੀਮਾਵਾਂ ਨੂੰ ਅਸੀਮ ਕਰ ਦਿੱਤਾ ਹੈ"। ਕੁਦਰਤ ਨੇ ਉਸ ਦੀਆਂ ਅੱਖਾਂ ਦੀ ਰੋਸ਼ਨੀ ਖੋਹ ਕੇ ਵੰਗਾਰ ਪਾਈ ਤਾਂ ਉਸ ਨੇ ਖਿੜੇ ਮੱਥੇ ਪ੍ਰਵਾਨ ਕਰ ਲਿਆ। ਉਸ ਨੇ ਆਪਣੀ ਅੰਦਰੂਨੀ ਤਾਕਤ ਨੂੰ ਉਜਾਗਰ ਕੀਤਾ। ਉਹ ਬੇਰੋਕ ਸਫਲਤਾਵਾਂ ਵੱਲ ਵਧਦਾ ਗਿਆ। ਉਸ ਦਾ ਕਹਿਣਾ ਹੈ ਕਿ ਮਨੁੱਖ ਦਾ ਅੰਦਰੂਨੀ ਬਲ ਉਸ ਦੇ ਰਸਤੇ ਵਿੱਚ ਆਉਣ ਵਾਲੀਆਂ ਰੁਕਾਵਟਾਂ ਤੋਂ ਬਲਵਾਨ ਹੈ। ਅਸੰਭਵ ਸ਼ਬਦ ਉਸ ਦੀ ਡਿਕਸ਼ਨਰੀ ਵਿੱਚ ਨਹੀਂ ਹੈ। ਉਹ ਅੱਖਾਂ ਵਾਲਿਆਂ ਲਈ ਰਾਹਦਸੇਰਾ ਹੈ।

ਅਮਰੀਕਾ ਦੇ ਸ਼ਹਿਰ ਪ੍ਰਿੰਸਟਨ ਵਿੱਚ 23 ਸਤੰਬਰ, 1968 ਨੂੰ ਜਨਮਿਆਂ ਵੇਹਨਮੇਅਰ ਅਜੇ 15 ਮਹੀਨਿਆਂ ਦਾ ਹੀ ਸੀ ਕਿ ਉਸ ਦੀਆਂ ਅੱਖਾਂ ਵਿੱਚ ਗੰਭੀਰ ਨੁਕਸ ਸਾਹਮਣੇ ਆ ਗਿਆ। ਜਦੋਂ ਉਹ 4 ਸਾਲ ਦਾ ਸੀ ਤਾਂ ਉਸ ਦਾ ਪਰਿਵਾਰ ਫਲੋਰਿਡਾ ਦੇ ਕੋਰਲ ਗੇਬਲਜ਼ ਵਿਖੇ ਚਲੇ ਗਿਆ ਅਤੇ 1975 ਵਿੱਚ ਹਾਂਗਕਾਂਗ ਜਾ ਵਸਿਆ। ਇੱਥੇ ਹੀ ਐਰਿਕ ਨੇ ਪ੍ਰਾਇਮਰੀ ਸਿੱਖਿਆ ਹਾਸਲ ਕੀਤੀ। ਜਦੋਂ ਉਹ 13 ਸਾਲ ਦੀ ਉਮਰ ਵਿੱਚ ਅੱਖਾਂ ਦੀ ਰੋਸ਼ਨੀ ਤੋਂ ਵਾਂਝਾ ਹੋ ਗਿਆ ਤਾਂ ਉਸ ਨੇ ਸੋਟੀ ਫੜ ਕੇ ਚੱਲਣ ਅਤੇ ਬਰੇਲ ਭਾਸ਼ਾ ਸਿੱਖਣ ਤੋਂ ਸਾਫ ਇਨਕਾਰ ਕਰ ਦਿੱਤਾ। ਉਸ ਨੇ ਆਪਣੀ ਅੰਤਰਦ੍ਰਿਸ਼ਟੀ ਨਾਲ ਹੀ ਸੁਜਾਖੀ ਦੁਨੀਆਂ ਵਿੱਚ ਵਿਚਰਨ ਦਾ ਦ੍ਰਿੜ ਇਰਾਦਾ ਕਰ ਲਿਆ। ਉਸ ਦਾ ਪਰਿਵਾਰ ਵਾਪਸ ਅਮਰੀਕਾ ਆ ਕੇ ਕੋਨੈਕਟੀਕਟ ਵਿਖੇ ਰਹਿਣ ਲੱਗਾ ਅਤੇ ਐਰਿਕ ਵੈਸਟਨ ਹਾਈ ਸਕੂਲ ਵਿੱਚ ਦਾਖਲ ਹੋ ਗਿਆ। ਆਪਣੀ ਸਰੀਰਿਕ ਸਮਰਥਾ ਪਰਖਣ ਲਈ ਉਸ ਨੇ ਕੁਸ਼ਤੀ ਮੁਕਾਬਲਿਆਂ ਵਿੱਚ ਭਾਗ ਲੈਣਾ ਸ਼ੁਰੂ ਕੀਤਾ ਅਤੇ ਅਣਥੱਕ ਕੋਸ਼ਿਸ਼ਾਂ ਸਦਕਾ ਆਪਣੇ ਸਕੂਲ ਦੀ ਟੀਮ ਦਾ ਕੈਪਟਨ ਬਣ ਗਿਆ। ਉਸ ਨੇ ਨੈਸ਼ਨਲ ਜੂਨੀਅਰ ਫਰੀ ਸਟਾਈਲ ਰੈਸਲਿੰਗ ਚੈਪੀਅਨਸ਼ਿਪ ਵਿੱਚ ਕੋਨੈਕਟੀਕਟ ਦੀ ਟੀਮ ਦੀ ਅਗਵਾਈ ਵੀ ਕੀਤੀ।

ਸੋਲਾਂ ਸਾਲ ਦੀ ਉਮਰ ਵਿੱਚ ਉਹ ਗਾਈਡ ਡੌਗ ਦੀ ਸਹਾਇਤਾ ਨਾਲ ਚਟਾਨਾਂ 'ਤੇ ਚੜ੍ਹਨ ਲੱਗਾ। ਉਸ ਨੇ ਦੇਖਿਆ ਕਿ ਉਹ ਆਪਣੇ ਪੈਰਾਂ ਤੇ ਹੱਥਾਂ ਦੀ ਪਕੜ ਨਾਲ ਉਚੀਆਂ-ਨੀਵੀਆਂ ਥਾਵਾਂ ਦੀ ਔਖਿਆਈ ਨੂੰ ਆਸਾਨੀ ਨਾਲ ਪਾਰ ਕਰ ਸਕਦਾ ਹੈ। ਪੜ੍ਹਾਈ ਜਾਰੀ ਰੱਖਦਿਆਂ ਉਸ ਨੇ ਬੋਸਟਨ ਕਾਲਜ ਵਿੱਚ ਦਾਖਲਾ ਲੈ ਲਿਆ ਜਿੱਥੋਂ ਉਸ ਨੇ ਦੋ ਵਿਸ਼ਿਆਂ, ਅੰਗ੍ਰੇਜ਼ੀ ਤੇ ਸੰਚਾਰ ਵਿੱਚ ਗ੍ਰੇਜੂਏਸ਼ਨ ਕੀਤੀ। ਆਪਣੀ ਰੋਜ਼ੀ ਚਲਾਉਣ ਲਈ ਉਹ ਫੋਨਿਕਸ ਕਾਊਂਟੀ ਡੇਅ ਸਕੂਲ ਵਿੱਚ ਅਧਿਆਪਕ ਦੀ ਨੌਕਰੀ ਕਰਨ ਲੱਗਾ ਜਿੱਥੇ ਉਸ ਨੇ ਆਪਣੀ ਸਾਥਣ ਅਧਿਆਪਕਾ ਐਲੀ ਰੀਵਜ਼ ਨਾਲ ਵਿਆਹ ਕਰਵਾ ਲਿਆ। ਉਹ ਇਸ ਸਕੂਲ਼ ਵਿੱਚ ਕੁਸ਼ਤੀ ਦੀ ਕੋਚਿੰਗ ਵੀ ਦਿੰਦਾ ਰਿਹਾ।



ਐਰਿਕ ਨੇ 1995 ਵਿੱਚ ਪਹਿਲੀ ਵੇਰ ਉੱਤਰੀ ਅਮਰੀਕਾ ਦੀ 6190 ਮੀਟਰ ਸਭ ਤੋਂ ਉੱਚੀ ਪਹਾੜੀ ਦੇਨਾਲੀ 'ਤੇ ਚੜ੍ਹਨ ਵਿੱਚ ਸਫਲਤਾ ਹਾਸਲ ਕੀਤੀ। ਇਸ ਉਪਰੰਤ ਉਹ ਲਗਾਤਾਰ ਕੋਸ਼ਿਸ਼ ਕਰਦਾ ਰਿਹਾ ਅਤੇ **25 ਮਈ, 2001 ਨੂੰ ਮਾਊਂਟ ਐਵਰੈਸਟ 'ਤੇ ਚੜ੍ਹਨ ਵਾਲਾ ਪਹਿਲਾ ਅੰਨ੍ਹਾ ਵਿਅਕਤੀ ਬਣ ਗਿਆ।** ਸਤੰਬਰ, 2002 ਵਿੱਚ ਵੇਹਨਮੇਅਰ ਨੇ **ਸੱਤ ਮਹਾਂਦੀਪਾਂ ਦੇ ਸਭ ਤੋਂ ਉੱਚੇ ਪਹਾੜਾਂ 'ਤੇ ਚੜ੍ਹਨ ਵਿੱਚ ਸਫਲਤਾ ਹਾਸਲ ਕੀਤੀ** ਜੋ ਕਿ ਕਿਸੇ ਮਾਊਂਟਨੀਅਰ ਲਈ ਇੱਕ ਵੰਗਾਰ ਹੁੰਦੀ ਹੈ। ਸੰਨ 2004 ਵਿੱਚ ਉਸ ਨੇ ਹੋਰ ਛੇ ਅੰਨ੍ਹੇ ਸਾਥੀਆਂ ਨਾਲ ਐਵਰੈਸਟ ਦੇ ਉੱਤਰੀ ਪਾਸੇ ਤੋਂ 21500 ਫੁੱਟ ਤੱਕ ਚੜ੍ਹ ਕੇ ਉਹ ਕੰਮ ਕਰ ਦਿਖਾਇਆ ਜੋ ਕਿਸੇ ਅੰਨ੍ਹੇ ਵਿਅਕਤੀ ਨੇ ਨਹੀਂ ਕੀਤਾ ਸੀ। ਇਸ ਮ੍ਰਾਰਕੇ ਦੀ ਕਹਾਣੀ ਬਿਆਨਦੀ ਇੱਕ ਦਸਤਾਵੇਜ਼ੀ ਫਿਲਮ,'ਬਲਾਈਂਡਸਾਈਟ' 2006 ਵਿੱਚ ਬਣਾਈ ਗਈ। ਸੰਨ 2006 ਵਿੱਚ ਉਸ ਨੇ ਇੱਕ ਐਡਵੈਂਚਰ ਟੀਮ ਚੈਲੇਂਜ ਮੁਕਾਬਲਾ ਕਰਵਾਇਆ ਜਿਸ ਵਿੱਚ ਅਪੰਗ ਤੇ ਪੂਰੇ ਅੰਗਾਂ ਵਾਲੇ ਖਿਡਾਰੀਆਂ ਦੀਆਂ ਟੀਮਾਂ ਨੇ ਐਥਲੈਟਿਕਸ ਵਿੱਚ ਭਾਗ ਲਿਆ। ਐਰਿਕ ਦੀ ਅਪੰਗ ਟੀਮ ਨੇ ਪੰਜ ਵਾਰ ਇਹ ਮੁਕਾਬਲਾ ਜਿੱਤਿਆ। ਉਸ ਨੇ 2008 ਵਿੱਚ ਇੰਡੋਨੇਸ਼ੀਆ ਵਿੱਚ ਪਹਾੜ ਦੀ ਸਭ ਤੋਂ ਉੱਚੀ ਚੋਟੀ ਕਰਟੈਂਨਜ਼ ਪਿਰਾਮਿਡ 'ਤੇ ਚੜ੍ਹਨ ਵਿੱਚ ਕਾਮਯਾਬੀ ਪਾਈ। ਸੰਨ 2010 ਵਿੱਚ ਐਰਿਕ ਨੇ ਲੈਡਵਿਲ ਵਿਸ਼ਵ ਚੈਂਪੀਅਨ ਵਿੱਚ 10000 ਫੁੱਟ ਉਚਾਈ 'ਤੇ ਪਹਾੜੀ ਦੌੜ ਪੂਰੀ ਕਰ ਕੇ ਰਿਕਾਰਡ ਬਣਾਇਆ। ਸੰਨ 2011 ਵਿੱਚ ਐਰਿਕ ਦੀ ਟੀਮ, 'ਨੋ ਲਿਮਟਸ' ਨੇ ਇੱਕ ਮਹੀਨੇ ਤੱਕ ਮੋਰੋਕੋ ਦੇਸ਼ ਦੇ ਮਾਰੂਥਲਾਂ ਤੇ ਪਹਾੜਾਂ ਵਿੱਚ ਦੌੜ ਲਗਾ ਕੇ ਸੰਸਾਰ ਪੱਧਰੀ ਏਬੀਸੀ

ਰਿਐਲਟੀ ਸ਼ੋਅ ' ਐਕਸਪੇਡੀਸ਼ਨ ਇਮਪੌਸੀਬਲ' ਵਿੱਚ ਦੂਜਾ ਸਥਾਨ ਪ੍ਰਾਪਤ ਕੀਤਾ। ਉਸ ਨੇ 60000 ਫੁੱਟ ਐਲੀਵੇਸ਼ਨ ਗੇਨ ਵਾਲੀ 460 ਮੀਲ ਲੰਮੀ ਦੌੜ 'ਪ੍ਰਾਈਮਲ ਕੁਐਸਟ' ਵੀ ਪੂਰੀ ਕੀਤੀ। ਆਪਣੀ ਅੰਦਰੂਨੀ ਸ਼ਕਤੀ ਦੇ ਬਲ ਉਸ ਨੇ ਵਿਸ਼ਵ ਭਰ ਦੀਆਂ ਪਹਾੜੀ ਚੋਟੀਆਂ ਅਤੇ ਬਰਫ ਦੇ ਤੋਦਿਆਂ ਦੀਆਂ ਸਿਖਰਾਂ ਨੂੰ ਛੂਹ ਲਿਆ। ਇਨ੍ਹਾਂ ਵਿੱਚ ਅਮਰੀਕਾ ਦੀ 3000 ਫੁੱਟ ਉੱਚੀ, ਯੋਸੇਮਾਈਟ ਵਿੱਚ ਐਲ ਕੇਪੀਟਨ ਦੀ ਨੋਜ਼, ਪੀਰੂ ਦੀ ਮੁਸ਼ਕਲ ਭਰੀ ਅਲਪਾਮਾਇਉ ਅਲਪਾਈਨ ਚੜ੍ਹਾਈ ਅਤੇ ਬਹੁਤ ਹੀ ਘੱਟ ਲੋਕਾਂ ਵਲੋਂ ਚੜ੍ਹੀ ਗਈ ਨੇਪਾਲ ਵਿੱਚ ਬਰਫ ਨਾਲ ਜੰਮੇ ਹੋਏ ਝਰਨੇ ਦੀ ਚੜ੍ਹਾਈ ਸ਼ਾਮਲ ਹਨ। ਸਤੰਬਰ, 2014 ਵਿੱਚ ਵੇਹਨਮੇਅਰ ਨੇ ਇੱਕ ਅੰਨ੍ਹੇ ਸਾਬਕਾ ਨੇਵੀ ਅਫਸਰ ਲੋਨੀ ਬੈਡਵੈਲ ਨਾਲ ਅਮਰੀਕਾ ਵਿੱਚ ਚਿੱਟੇ ਪਾਣੀ ਵਾਲੀ ਵਿਸ਼ਵ ਦੀ ਸਭ ਤੋਂ ਡੂੰਘੀ ਤੇ ਖਤਰਨਾਕ ਖਾਈ, ਗਰੈਂਡ ਕਨੀਅਨ ਵਿੱਚ 446 ਕਿਲੋਮੀਟਰ ਕਿਸ਼ਤੀ 'ਤੇ ਸਫਰ ਕਰ ਕੇ ਰਿਕਾਰਡ ਬਣਾਇਆ।

ਉਹ ਇੱਕ ਨਿਪੁੰਨ ਲੇਖਕ ਵੀ ਹੈ। ਉਸ ਨੇ ਆਪਣੀਆਂ ਚੜ੍ਹਾਈਆਂ ਬਾਰੇ ਪੁਸਤਕ 'ਟੱਚ ਦ ਟੌਪ ਆਫ਼ ਦ ਵਰਲਡ: ਏ ਬਲਾਈਂਡ ਮੈਨਜ਼ ਜਰਨੀ ਟੂ ਕਲਾਈਂਬ ਫਾਰਦਰ ਦੈਨ ਦ ਆਈ ਕੈਨ ਸੀ' ਲਿਖੀ ਹੈ ਜਿਹੜੀ ਕਿ ਬਾਰ੍ਹਾਂ ਦੇਸ਼ਾਂ ਦੀਆਂ ਨੌਂ ਭਾਸ਼ਾਵਾਂ ਵਿੱਚ ਛਪੀ ਹੈ। ਉਸ ਦੀ ਦੂਜੀ ਪੁਸਤਕ, 'ਦ ਐਡਵਰਸਿਟੀ ਅਡਵੈਂਟੇਜ: ਟਰਨਿੰਗ ਐਵਰੀਡੇਅ ਸਟਰੱਗਲਜ਼ ਇੰਨ ਟੂ ਐਵਰੀਡੇਅ ਗਰੇਟਨੈਸ' ਹੈ। ਹੁਣ 2017 ਵਿੱਚ ਉਸ ਦੀ ਨਵੀਂ ਪੁਸਤਕ, ' ਨੋ ਬੈਰੀਅਰਜ਼: ਏ ਬਲਾਈਂਡ ਮੈਨਜ਼ ਜਰਨੀ ਟੂ ਦ ਗਰੈਂਡ ਕਨੀਅਨ' ਆਈ ਹੈ। ਐਰਿਕ ਦੇ ਜੀਵਨ ਤੇ ਪਹਾੜੀ ਚੜ੍ਹਾਈ ਦੀਆਂ ਦਰਜਣਾ ਹੀ ਟੀਵੀ ਇੰਟਰਵਿਊਜ਼ ਆਈਆਂ ਹਨ। ਉਸ ਨੂੰ ਅਨੇਕਾਂ ਇਨਾਮਾਂ ਤੇ ਮਾਣ-ਚਿੰਨ੍ਹਾਂ ਨਾਲ ਸਨਮਾਨਿਤ ਕੀਤਾ ਜਾ ਚੁੱਕਾ ਹੈ। ਉਸ ਨੂੰ 'ਹੈਲਨ ਕੈਲਰ ਲਾਈਫਟਾਈਮ ਅਚੀਵਮੈਂਟ' ਐਵਾਰਡ ਵੀ ਮਿਲਿਆ ਹੈ। ਅਨੇਕਾਂ ਅਮਰੀਕਨ ਟੀਵੀ ਸ਼ੋਆਂ ਵਿੱਚ ਉਸ ਨੂੰ ਵਿਖਾਇਆ ਗਿਆ ਹੈ। ਉਸ ਨੂੰ ਦੋ ਵੇਰ ਉਲੰਪਿਕ ਖੇਡਾਂ ਦੀ ਟਾਰਚ ਲੈ ਕੇ ਜਾਣ ਦਾ ਮਾਣ ਵੀ ਪ੍ਰਾਪਤ ਹੋਇਆ ਹੈ। ਐਵਰੈਸਟ ਦੀ ਚੜ੍ਹਾਈ ਬਾਰੇ ਉਸ ਦੀ ਦਸਤਾਵੇਜ਼ੀ ਫਿਲਮ ਨੇ 21 ਅੰਤਰਰਾਸ਼ਟਰੀ ਫਿਲਮ ਮੇਲਿਆਂ ਵਿੱਚ ਪਹਿਲਾ ਸਥਾਨ ਹਾਸਲ ਕੀਤਾ ਹੈ। ਸੰਨ 2012 ਵਿੱਚ ਉਸ 'ਤੇ ਬਣੀ ਫਿਲਮ, ' ਹਾਈ ਗਰਾਊਂਡ' ਨੇ ਕਈ ਇਨਾਮ ਹਾਸਲ ਕੀਤੇ ਹਨ। ਸੰਨ 2017 ਵਿੱਚ ਮੈਨਜ਼ ਜਰਨਲ ਨੇ ਐਰਿਕ ਨੂੰ ਵਿਸ਼ਵ ਦੇ 25 ਮੋਸਟ ਐਡਵੈਂਚਰਸ ਮੈਨ ਵਿੱਚ ਸ਼ਾਮਲ ਕੀਤਾ ਹੈ।

ਉਹ ਸੱਚਾ ਸਮਾਜਸੇਵੀ ਹੈ। ਸੰਨ 2005 ਵਿੱਚ ਉਸ ਨੇ ਇੱਕ ਸੰਸਥਾ, " ਨੋ ਬੈਰੀਅਰਜ਼" ਸਥਾਪਤ ਕੀਤੀ ਜਿਸ ਰਾਹੀਂ ਭਿੰਨ ਭਿੰਨ ਪਛੋਕੜ ਤੇ ਸਮਰਥਾ ਵਾਲੇ ਲੋਕਾਂ ਨੂੰ ਜੀਵਨ ਦੀਆਂ ਵੰਗਾਰਾਂ ਨੂੰ ਸਾਹਮਣੇ ਤੋਂ ਟੱਕਰਨ, ਸਮੱਸਿਆਵਾਂ ਨੂੰ ਹਲ ਕਰਨ ਤੇ ਜੇਤੂ ਟੀਮਾਂ ਬਣਾਉਣ ਲਈ ਤਿਆਰ ਕੀਤਾ। ਐਰਿਕ ਬਹੁਤ ਵਧੀਆ ਪ੍ਰੇਰਕ ਵਕਤਾ ਹੈ। ਵਿਸ਼ਵ ਦੀਆਂ ਪ੍ਰਸਿੱਧ ਕੰਪਨੀਆਂ- ਐਪਲ, ਗੂਗਲ, ਮਾਈਕ੍ਰੋਸੌਫਟ, ਪੈਪਸੀ ਕੋ ਅਤੇ ਏਟੀ ਐਂਡ ਟੀ ਨੇ ਉਸ ਨੂੰ ਲੈਕਚਰ ਦੇਣ ਲਈ ਬੁਲਾਇਆ ਹੈ। ਉਹ ਮਨੁੱਖ ਨੂੰ ਔਕੜਾਂ ਦਾ ਡਟ ਕੇ ਮੁਕਾਬਲਾ ਕਰਨ ਤੇ ਸਫਲਤਾ ਪ੍ਰਤਿ ਆਸ਼ਾਵਾਦੀ ਰਵੱਈਆ ਅਪਨਾਉਣ ਦੀ ਸਿੱਖਿਆ ਦਿੰਦਾ ਹੈ। ਉਹ ਬਹੁਤ ਵੱਡੇ ਵੱਡੇ ਇਕੱਠਾਂ ਵਿੱਚ ਬਿਨਾਂ ਕਿਸੇ ਝਿਜਕ ਤੋਂ ਬੋਲਣ ਦੇ ਕਾਬਲ ਹੈ। ਇਸ ਲਈ ਉਹ ਚਿੱਲੀ ਵਿਖੇ ਹੋਈ ਅਪੈਕ ਦੇਸ਼ਾਂ ਦੀ ਕਾਨਫਰੰਸ ਅਤੇ ਅਮਰੀਕਾ ਦੇ ਰਾਸ਼ਟਰਪਤੀ ਦੇ ਤਾਜਪੋਸ਼ੀ ਸਮਾਗਮਾਂ ਸਮੇਂ ਹਾਜ਼ਰ ਹੋਣ ਦਾ ਸਨਮਾਨ ਪ੍ਰਾਪਤ ਹੋਇਆ ਹੈ। ਉਸ ਨੇ ਲੰਡਨ, ਡਬਲਿਨ, ਮਾਸਕੋ, ਬਰਲਿਨ, ਹਾਂਗਕਾਂਗ, ਬੀਜਿੰਗ, ਅਬੂਧਾਬੀ ਅਤੇ ਯੂਨਾਈਟਡ ਸਟੇਟਸ ਵਿਖੇ ਆਪਣਾ ਸੰਦੇਸ਼ ਪ੍ਰਦਾਨ ਕੀਤਾ ਹੈ।

ਐਰਿਕ ਵੇਹਨਮੇਅਰ ਉਨ੍ਹਾਂ ਲੋਕਾਂ ਲਈ ਰੋਸ਼ਨੀ ਸਤੰਭ ਹੈ ਜਿਹੜੇ ਜੀਵਨ ਵਿੱਚ ਆਉਂਦੀਆਂ ਔਕੜਾਂ ਅੱਗੇ ਹਥਿਆਰ ਸੁੱਟ ਦਿੰਦੇ ਹਨ। ਉਹ ਅੱਖਾਂ ਦੀ ਰੌਸ਼ਨੀ ਤੋਂ ਵਾਂਝਾ ਹੋਣ ਦੇ ਬਾਵਜ਼ੂਦ ਉਹ ਕੰਮ ਕਰ ਕੇ ਸਫਲਤਾਵਾਂ ਹਾਸਲ ਕਰ ਰਿਹਾ ਹੈ ਜੋ ਬਹੁਤ ਘੱਟ ਅੱਖਾਂ ਵਾਲੇ ਕਰ ਸਕਦੇ ਹਨ। ਐਰਿਕ ਨੂੰ ਦਿਲੀ ਸਲਾਮ।

## ਸੈਣੀ ਖਬਰਾਂ

**ਸੈਣੀ ਮਹਾਂਸਭਾ ਪੰਜਾਬ** ਦੇ ਬੈਨਰ ਹੇਠ ਉੱਤਰੀ ਭਾਰਤ ਦੇ ਛੇ ਰਾਜਾਂ ਦੀ ਇੱਕ ਵਿਸ਼ੇਸ਼ ਮੀਟਿੰਗ 13 ਅਕਤੂਬਰ ਨੂੰ ਗੁਰੁਦੁਆਰਾ ਬਾਬਾ ਸਤਨਾਮ ਸਿੰਘ ਜੀ ਨੰਗਲ ਚੌਕ ਰੂਪਨਗਰ ਵਿਖੇ ਸਭਾ ਦੇ ਪ੍ਰਧਾਨ ਹਰਜੀਤ ਸਿੰਘ ਲੌਂਗੀਆ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿੱਚ ਸਭਾ ਦੇ ਵੱਖ ਵੱਖ ਬੁਲਾਰਿਆਂ ਨੇ ਸੈਣੀ ਸਮਾਜ ਨੂੰ ਦਰਪੇਸ਼ ਮੁਸ਼ਕਲਾਂ ਦੇ ਹੱਲ ਲਈ ਸੈਣੀ ਮਹਾਂਸਭਾ ਨੂੰ ਰਾਸ਼ਟਰੀ ਪੱਧਰ ਤੇ ਲੈ ਕੇ ਜਾਣ ਦੀ ਮੰਗ ਉਠਾਈ ਤਾਂ ਜੋ ਸਮਾਜਿਕ ਬਰਾਬਰੀ ਵਿੱਚ ਸੈਣੀ ਸਮਾਜ ਨੂੰ ਬਣਦਾ ਹੱਕ ਮਿਲ ਸਕੇ। ਮੀਟਿੰਗ ਵਿੱਚ ਪੰਜਾਬ ਤੋਂ ਇਲਾਵਾ ਚੰਡੀਗੜ੍ਹ, ਹਰਿਆਣਾ, ਹਿਮਾਚਲ ਪ੍ਰਦੇਸ਼, ਉੱਤਰਾਖੰਡ ਤੇ ਉੱਤਰਪ੍ਰਦੇਸ਼ ਤੋਂ ਸਭਾ ਦੇ ਆਗੂ ਹਾਜਰ ਸਨ। ਇਸ ਮੌਕੇ ਸਭਾ ਦੇ ਰਾਸ਼ਟਰੀ ਵਿਸਥਾਰ ਲਈ ਗਿਆਰਾਂ ਮੈਬਰੀ ਕਮੇਟੀ ਦਾ ਗਠਨ ਕੀਤਾ ਗਿਆ ਜਿਸ ਦੇ ਕਨਵੀਨਰ ਰਾਜਿੰਦਰ ਸੈਣੀ ਲਾਡਵਾ ਹਰਿਆਣਾ ਨੂੰ ਬਣਾਇਆ ਗਿਆ। ਹੋਰਨਾਂ ਤੋ ਇਲਾਵਾਂ ਡਾਕਟਰ ਦੇਸ ਰਾਜ ਸੈਣੀ ਮੈਂਬਰ ਜ਼ਿਲ੍ਹਾ ਪ੍ਰੀਸ਼ਦ, ਮਨਜੀਤ ਕੌਰ ਘਨੌਲਾ ਸਾਬਕਾ ਜ਼ਿਲ੍ਹਾ ਪ੍ਰੀਸ਼ਦ ਮੈਂਬਰ, ਰਣਜੀਤ ਸਿੰਘ ਪਤਿਆਲਾਂ, ਪਰਮਿੰਦਰ ਸ਼ਾਮਪੁਰੀ, ਕੁਲਵੰਤ ਸੈਣੀ, ਦਲੇਲ ਸੈਣੀ

ਬਾਕੀ ਸਫਾ 37 'ਤੇ.......



# ਕਿਸਾਨੀ ਬਚਾਓ - ਸੋਚ 'ਚ ਬਦਲਾਓ

ਜਸਵੰਤ ਸਿੰਘ ਸੈਣੀ
ਰੂਪਨਗਰ

ਭਾਰਤ ਦੀ ਹੁਕਮਰਾਨ ਪਾਰਟੀ ਨੇ ਪਿਛਲੇ ਦਿਨੀਂ ਸਦੀਆਂ ਤੋਂ ਚਲਦੀ ਆ ਰਹੀ ਕਿਸਾਨੀ ਪ੍ਰਣਾਲੀ ਤੋਂ ਹੱਟ ਕੇ ਖੇਤੀ ਸਬੰਧੀ ਨਵੇਂ ਕਾਨੂੰਨ ਬਣਾ ਕੇ ਵੱਡੀਆਂ ਤਬਦੀਲੀਆਂ ਲਾਗੂ ਕਰਨ ਦੀ ਵਿਓਂਤ ਬਣਾਈ ਹੈ। ਭਾਰਤ ਦੀ ਬਹੁ ਸੰਖਿਆ ਆਬਾਦੀ ਸਿੱਧੇ ਜਾਂ ਅਸਿੱਧੇ ਖੇਤੀ ਕਿੱਤੇ ਤੇ ਹੀ ਨਿਰਭਰ ਕਰਦੀ ਹੈ। ਇਸ ਸਬੰਧੀ ਵੱਡੀ ਪੱਧਰ ਤੇ ਬਦਲਾਓ ਕਰਨ ਤੇ ਲੋਕਤੰਤਰ ਵਿੱਚ ਆਮ ਸ਼ਹਿਰੀ ਦੀ ਖੇਤੀ ਕਿੱਤੇ ਸਬੰਧੀ ਪ੍ਰਤੀਕ੍ਰਿਆ ਆਉਣੀ ਸੁਭਾਵਿਕ ਹੈ।

ਭਾਵੇਂ ਕਿ ਭਾਰਤ ਸਰਕਾਰ ਨਵੇਂ ਕਾਨੂੰਨਾਂ ਨੂੰ ਦੇਸ਼ ਤੇ ਕਿਸਾਨਾਂ ਦੀ ਪ੍ਰਗਤੀ ਲਈ ਇੱਕ ਮੀਲ ਪੱਥਰ ਦੱਸ ਰਹੀ ਹੈ ਪਰੰਤੂ ਦੇਸ਼ ਦੇ ਪੁਸ਼ਤਾਂ ਤੋਂ ਕਿਸਾਨੀ ਕਿੱਤੇ ਨਾਲ ਜੁੜੇ ਲਗਭਗ ਸਾਰੇ ਕਿਸਾਨ ਸਰਕਾਰ ਦੇ ਪ੍ਰਸਤਾਵਿਤ ਬਦਲਾਓ ਦੇ ਹੱਕ ਵਿੱਚ ਨਹੀਂ ਹਨ। ਇਸ ਤਰ੍ਹਾਂ ਦੇ ਸਖਤ ਵਖਰੇਵਿਆਂ ਦੌਰਾਨ ਨਿਮਨ ਲਿਖਿਤ ਸਤਰਾਂ ਵਿੱਚ ਦੋਨੋ ਧਿਰਾਂ ਨੂੰ ਕੁੱਝ ਸੁਝਾਵ ਦੇਣੇ ਜ਼ਰੂਰੀ ਬਣਦੇ ਹਨ ।

ਪਹਿਲੀ ਗੱਲ ਤਾਂ ਇਹ ਹੈ ਕਿ ਸੱਤਾਆਸੀਨ ਪਾਰਟੀ ਨੂੰ ਇਹ ਸਮਝਣਾ ਜ਼ਰੂਰੀ ਹੈ ਕਿ ਕਿਸਾਨੀ ਕਿੱਤੇ ਦੀ ਭੂਮਿਕਾ ਅਹਿਮ ਤੇ ਅਟੁੱਟ ਹੈ ਕਿਉਂਕਿ ਖਾਧ ਸਮੱਗਰੀ ਜਿਸ ਦੇ ਬਗੈਰ ਕੋਈ ਪ੍ਰਾਣੀ ਜੀਵਿਤ ਨਹੀਂ ਰਹਿ ਸਕਦਾ ਉਸ ਦੇ ਉਤਪਾਦਨ ਦਾ ਜ਼ਿੰਮਾ ਕੇਵਲ ਤੇ ਕੇਵਲ ਕਿਸਾਨ ਦੇ ਸਿਰ ਹੀ ਹੈ। ਹੋਰ ਤਾਂ ਸਾਰੇ ਜਣੇ ਖਾਣਾ ਜਾਣਦੇ ਹਨ ਪੈਦਾ ਕਰਨਾ ਨਹੀਂ। ਉਤਪਾਦਨ ਤਾਂ ਹੀ ਸਹੀ ਹੋ ਸਕਦਾ ਹੈ ਜੇਕਰ ਕਿਸਾਨ ਪਾਸ ਅਪਣਾ ਖੇਤ ਹੈ ਅਤੇ ਉਹ ਅਪਣੇ ਤਰੀਕੇ ਨਾਲ ਕੰਮ ਕਰਨ ਦਾ ਹੱਕ ਰੱਖਦਾ ਹੈ। ਦੂਜੀ ਗੱਲ ਦੇਸ਼ ਦਾ ਕਿਸਾਨ ਵੀ ਹੋਰ ਨਾਗਰਿਕਾਂ ਦੀ ਤਰ੍ਹਾਂ ਅਪਣੀ ਸਹੂਲਤ ਅਨੁਸਾਰ ਅਪਣਾ ਕੰਮ ਕਾਜ ਕਰਨ ਦਾ ਹੱਕ ਰਖਦਾ ਹੈ। ਉਸ ਨੂੰ ਲੋਕ ਹਿੱਤ ਵਿੱਚ ਕੋਈ ਅੱਛੀ ਸਲਾਹ ਦੇਣੀ ਤਾਂ ਜਾਇਜ਼ ਹੈ ਪਰੰਤੂ ਉਸ ਉੱਤੇ ਉਸ ਦੀ ਸਹਿਮਤੀ ਲਏ ਬਗੈਰ ਕੁੱਝ ਜ਼ਬਰਦਸਤੀ ਥੋਪਣਾ ਗੈਰ ਲੋਕਤੰਤਰੀ ਹੈ ।

ਹਰ ਦੇਸ਼ਵਾਸੀ ਨੂੰ ਖਾਣ ਪੀਣ ਦੀਆਂ ਵਸਤਾਂ ਦੀ ਉਪਲਬਧਤਾ ਯਕੀਨੀ ਬਣਾਈ ਰੱਖਣ ਲਈ ਸਰਕਾਰਾਂ ਅਪਣਾ ਫਰਜ਼ ਤਾਂ ਹੀ ਨਿਭਾ ਸਕਦੀਆਂ ਹਨ ਜੇਕਰ ਸਰਕਾਰਾਂ ਕਿਸਾਨਾਂ ਪ੍ਰਤੀ ਸੁਹਿਰਦ ਸੋਚ ਰਖਦੀਆਂ ਹੋਣ ਅਤੇ ਉਨ੍ਹਾਂ ਦੇ ਆਤਮ ਸਨਮਾਨ ਪ੍ਰਤੀ ਬੇਮੁੱਖੀ ਨਹੀਂ ਅਪਣਾਉਂਦੀਆਂ। ਕਿਸਾਨੀ ਕਿੱਤਾ ਮਿੱਟੀ ਵਿੱਚ ਮਿੱਟੀ ਹੋ ਕੇ ਅਤੇ ਦਿਨ ਰਾਤ ਇੱਕ ਕਰਕੇ ਕੀਤਾ ਜਾਂਦਾ ਹੈ। ਇਹ ਸਭ ਕੁੱਝ ਕਰਨਾ ਹਰ ਇੱਕ ਦੇ ਵੱਸ ਦੀ ਗੱਲ ਨਹੀਂ। ਕਿਸਾਨ ਜਾਂ ਅੰਨ ਦਾਤਾ ਦਾ ਰਾਸ਼ਟਰ 'ਤੇ ਇੱਕ ਤਰ੍ਹਾਂ ਨਾਲ ਵੱਡਾ ਕਰਜ਼ਾ ਹੈ। ਇਹ ਵੱਡਾ ਕਰਜ਼ਾ ਉਨ੍ਹਾਂ ਦੀ ਮਜ਼ਬੂਤ ਆਰਥਿਕਤਾ ਅਤੇ ਆਜ਼ਾਦ ਹਸਤੀ ਰੱਖ ਕੇ ਹੀ ਉਤਾਰਿਆ ਜਾ ਸਕਦਾ ਹੈ ।

ਇੱਕ ਹੋਰ ਮਹੱਤਵਪੂਰਣ ਗਲ ਦੀ ਚਰਚਾ ਕਰਨੀ ਵੀ ਬਣਦੀ ਹੈ। ਵੱਡੇ ਵੱਡੇ ਕਾਰਪੋਰੇਟਾਂ ਜਾਂ ਕਾਰੋਬਾਰੀਆਂ ਨੂੰ ਭੁੱਲ ਕੇ ਵੀ ਖੁਰਾਕੀ ਵਸਤਾਂ ਉਤਪਾਦਨ ਕਰਨ ਦੀ ਜ਼ਿੰਮੇਵਾਰੀ ਨਹੀਂ ਦੇਣੀ ਚਾਹੀਦੀ ਕਿਉਂਕਿ ਉਨ੍ਹਾਂ ਨੇ ਹਮੇਸ਼ਾ ਅਪਣੇ ਮੁਨਾਫੇ ਦੀ ਗੱਲ ਪਹਿਲ ਦੇ ਅਧਾਰ ਤੇ ਕਰਨੀ ਹੈ ਨਾ ਕਿ ਖਾਧ ਵਸਤਾਂ ਦੀ ਗੁਣਵੱਤਾ ਦੀ ਪਰਵਾਹ ਕਰਨੀ ਹੈ। ਲੋਕੀਂ ਪਹਿਲਾਂ ਹੀ ਖਾਧ ਸਮੱਗਰੀ ਵਿੱਚ ਵਰਤੀਆਂ ਜਾ ਰਹੀਆਂ ਰਸਾਇਣਾਂ ਅਤੇ ਜ਼ਹਿਰੀਲੇ ਤੱਤਾਂ ਦੀ ਮਾਰ ਝੱਲ ਰਹੇ ਹਨ। ਮੁਨਾਫਾਖੋਰਾਂ ਦੇ ਅੜਿੱਕੇ ਚੜ੍ਹ ਕੇ ਤਾਂ ਲੋਕਾਂ ਦੀ ਸਿਹਤ ਨਾਲ ਨਿਸ਼ਚੇ ਹੀ ਅਣਕਿਆਸਿਆ ਖਿਲਵਾੜ ਹੋਣਾ ਹੈ। ਸਰਕਾਰ ਧਨਾਢਾਂ ਦੀਆਂ ਮਨਮਤੀਆਂ ਅੱਗੇ ਬੇਬਸ ਹੋਵੇਗੀ। ਮੌਜੂਦਾ ਸਮੇ ਵਿੱਚ ਵੀ ਐਨੇ ਸਾਰੇ ਕਾਨੂੰਨਾਂ ਦਾ ਹਵਾਲਾ ਦੇਣ ਦੇ ਬਾਵਜੂਦ ਵੀ ਸਰਕਾਰਾਂ ਮਿਲਾਵਟਖੋਰਾਂ ਅਤੇ ਚਾਲਬਾਜ਼ਾਂ ਨਾਲ ਨਜਿੱਠਣ ਵਿੱਚ ਨਾਕਾਮ ਹੋਈਆਂ ਹਨ। ਕਾਰਪੋਰੇਟ ਅਦਾਰਿਆਂ 'ਤੇ ਕਾਬੂ ਪਾਉਣਾ ਮੁਮਕਿਨ ਨਹੀਂ ਹੋਵੇਗਾ ।

ਪੰਜਾਬ ਦੇ ਕਿਸਾਨਾਂ ਨਾਲ ਵੀ ਕੁੱਝ ਅਹਿਮ ਨੁਕਤੇ ਸਾਂਝੇ ਕਰਨੇ ਜ਼ਰੂਰੀ ਹਨ। ਪਹਿਲੀ ਵੱਡੀ ਗੱਲ ਤਾਂ ਇਹ ਹੈ ਕਿ ਪੰਜਾਬ ਦੇ ਕਿਸਾਨ ਕੁਦਰਤ ਦੀ ਵਰੋਸਾਈ ਪੰਜਾਬ ਦੀ ਜ਼ਰਖੇਜ਼ ਜ਼ਮੀਨ ਦੀ ਸਹੀ ਵਰਤੋਂ ਕਰਦੇ ਹੋਏ ਅੰਨ ਲਈ ਕੇਵਲ ਕਣਕ ਅਤੇ ਧਾਨ ਤੱਕ ਹੀ ਸੀਮਿਤ ਨਾ ਰਹਿਣ ਸਗੋਂ ਬਦਲਵੇਂ ਅਨਾਜ ਜਿਵੇਂ ਛੋਲੇ, ਜੌਂ, ਜਵਾਰ, ਮੱਕੀ, ਸੋਇਆਬੀਨ, ਬਾਜਰਾ ਅਤੇ ਇਸ ਨਾਲ ਮਿਲਦੀਆਂ ਜੁਲਦੀਆਂ ਕਈ ਕਿਸਮਾਂ ਜਿਵੇਂ ਸਵਾਂਕ, ਰਾਗੀ, ਕੰਗਣੀ, ਕੋਧਰਾ ਆਦਿ ਦੀ ਕਾਸ਼ਤ ਵੱਡੇ ਪੱਧਰ ਤੇ ਕਰਨ ਦੇ ਰਾਹੇ ਤੁਰਨਾ ਸ਼ੁਰੂ ਕਰਨ। ਇਹ ਸਾਰੇ ਅੰਨ ਧਰਤੀ ਹੇਠਲੇ ਪਾਣੀ ਦੇ ਪੱਧਰ ਦੀ ਸੁਰਿੱਖਆ ਹਿੱਤ ਘੱਟ ਤੋਂ ਘੱਟ ਸਿੰਚਾਈ ਦੀ ਮੰਗ ਕਰਦੇ ਹਨ। ਯੂਰੀਆ ਜਿਹੀਆਂ ਜ਼ਹਿਰੀਲੀ ਰਸਾਇਣਾਂ ਦੀ ਵੀ ਲੋੜ ਨਹੀਂ ਪੈਂਦੀ। ਉਕਤ ਵਸਤੂਆਂ ਦੀਆਂ ਤੁਲਨਾਤਮਕ ਗੁਣਵੱਤਾ ਵੱਧ ਹੋਣ ਕਰਕੇ ਉਨ੍ਹਾਂ ਦੀ ਮੰਗ ਅਤੇ ਮੰਡੀਕਰਣ ਦੇ ਵੀ ਤੇਜ਼ੀ ਨਾਲ ਵਧਣ ਦੇ ਆਸਾਰ ਹਨ ।

ਖਾਣ ਪੀਣ ਦੀਆਂ ਵਸਤਾਂ ਜਿਹੜੀਆਂ ਦੂਜੇ ਸੂਬਿਆਂ ਤੋਂ ਮੰਗਵਾਈਆਂ ਜਾਂਦੀਆਂ ਹਨ ਅਤੇ ਜਿਨ੍ਹਾਂ ਚੀਜ਼ਾਂ ਲਈ ਪੰਜਾਬ ਦੀ ਧਰਤੀ ਸਾਜ਼ਗਾਰ ਹੈ ਕਿਸਾਨ ਉਹ ਪੈਦਾ ਕਰਨੀ ਸ਼ੁਰੂ ਕਰਨ। ਮਾਂਹ, ਮੂੰਗੀ, ਮੋਠ, ਮਸਰੀ, ਅਰਹਰ, ਛੋਲੇ ਆਦਿ ਦਾਲਾਂ ਅਪਣੇ ਵਾਸਤੇ ਹੀ ਨਹੀਂ ਸਗੋਂ ਬਾਹਰ ਭੇਜਣ ਵਾਸਤੇ ਵੀ ਸਹਿਜੇ ਹੀ ਪੈਦਾ ਕੀਤੀਆਂ ਜਾ ਸਕਦੀਆਂ ਹਨ। ਖਾਣ

ਵਾਲੇ ਤੇਲ ਜਿਵੇਂ ਸਰ੍ਹੋਂ, ਤਿਲ, ਅਲਸੀ ਦੀ ਕਾਸ਼ਤ ਬਹੁਤ ਸਫਲਤਾ ਨਾਲ ਕੀਤੀ ਜਾ ਸਕਦੀ ਹੈ। ਨਰਮਾ, ਗੰਨਾ ਆਦਿ ਵੀ ਘੱਟ ਲਾਹੇਵੰਦ ਨਹੀਂ। ਸਬਜ਼ੀਆਂ ਅਤੇ ਇਸ ਨਾਲ ਸਬੰਧਿਤ ਵਸਤੂਆਂ ਜਿਵੇਂ ਪਿਆਜ਼, ਆਲੂ ਹਲਦੀ, ਲਸਣ, ਅਦਰਕ, ਅਜਵਾਇਣ, ਸੌਂਫ਼ ਆਦਿ ਹੋਰ ਨਵੇਂ ਲਾਹੇਵੰਦ ਮੁਹਾਜ਼ਾਂ ਦੀ ਨਿਸ਼ਾਨਦੇਹੀ ਕਰਨ ਨਾਲ ਕਿਸਾਨ ਦੀ ਆਮਦਨ ਵਧੇਗੀ।

ਪੰਜਾਬ ਦੇ ਕਿਸਾਨਾਂ ਨੂੰ ਕੁਦਰਤੀ ਜਾਂ ਔਰਗੈਨਿਕ ਖੇਤੀ ਵੱਲ ਕੇਂਦਰਿਤ ਹੋਣ ਦੀ ਸਖਤ ਲੋੜ ਹੈ। ਜਦੋਂ ਕੋਈ ਪੰਜਾਬ ਵਿੱਚ ਉਤਪਾਦਿਤ ਕੀਤੀ ਕਣਕ ਨਾਲੋਂ ਹੋਰ ਸੂਬਿਆਂ ਵਿੱਚ ਉਤਪਾਦਤ ਕੀਤੀ ਕਣਕ ਅਤੇ ਹੋਰ ਵਸਤੂਆਂ ਨੂੰ ਤਰਜੀਹ ਦਿੰਦਾ ਹੈ ਤਾਂ ਮਨ ਨੂੰ ਬੜਾ ਧੱਕਾ ਲਗਦਾ ਹੈ। ਇਹ ਅਣਸੁਖਾਵੀਆਂ ਗੱਲਾਂ ਤਾਂ ਸੁਨਣ ਨੂੰ ਮਿਲਦੀਆਂ ਹਨ ਕਿ ਪੰਜਾਬ ਦੇ ਕਿਸਾਨ ਰਸਾਇਣਿਕ ਖਾਦਾਂ ਅਤੇ ਜ਼ਹਿਰੀਲੇ ਸਪਰੇਆਂ ਦਾ ਇਸਤੇਮਾਲ ਬਹੁਤ ਹੀ ਨੁਕਸਾਨਦੇਹ ਮਾਤਰਾ ਵਿੱਚ ਕਰਦੇ ਹਨ। ਇਸ ਸਭ ਕੁੱਝ ਲਈ ਕਿਸਾਨ ਨੂੰ ਅਪਣੀ ਮਾਨਸਿਕਤਾ ਬਦਲ ਕੇ ਪਹਿਲੇ ਵਾਲੀ ਨਿਰੋਲ ਕੁਦਰਤੀ ਖੇਤੀ ਵੱਲ ਮੁੜਨਾ ਹੋਵੇਗਾ। ਪੰਜਾਬ ਨੂੰ ਦੇਸ਼ ਦੇ ਅੰਨ ਦਾਤਾ ਦੇ ਤੌਰ 'ਤੇ ਅਪਣੀ ਸਰਦਾਰੀ ਕਾਇਮ ਰੱਖਣ ਲਈ ਕਿਸਾਨੀ ਕਿੱਤੇ ਨੂੰ ਸ਼ੁੱਧ ਔਰਗੈਨਿਕ ਕਰਨਾ ਹੋਵੇਗਾ। ਸ਼ੁਰੂ ਸ਼ੁਰੂ ਵਿੱਚ ਕੁੱਝ ਖਸਾਰਾ ਵੀ ਝਲਣਾ ਪੈਂ ਸਕਦਾ ਹੈ। ਪਰੰਤੂ ਇਹ ਜਿਗਰਾ ਵਿਖਾਉਣਾ ਪਵੇਗਾ ਕਿਉਂਕਿ ਬਗੈਰ ਜ਼ਹਿਰੀਲੇ ਤੱਤਾਂ ਤੋਂ ਕੀਤੀ ਖੇਤੀ ਦੇ ਬਹੁਪੱਖੀ ਫਾਇਦੇ ਹਨ ਅਤੇ ਕੁੱਝ ਹੀ ਅਰਸੇ ਬਾਅਦ ਫਸਲਾਂ ਦੇ ਝਾੜ ਘੱਟਣ ਦੀ ਬਜਾਏ ਵਧਣਗੇ। ਕੁੱਝ ਵੀ ਹੋਵੇ ਵਾਧੂ ਮੁਨਾਫੇ ਦੇ ਲਾਲਚ ਕਰਕੇ ਮਨੁੱਖ ਜਾਤੀ, ਆਉਣ ਵਾਲੀਆਂ ਪੀੜ੍ਹੀਆਂ ਅਤੇ ਇਨਸਾਨੀਅਤ ਦੇ ਘਾਣ ਤੋਂ ਬਚਾ ਦਾ ਰਸਤਾ ਇਖਤਿਆਰ ਕਰੀਏ। ਗੁਰੂਆਂ ਦੇ ਦੱਸੇ ਮਾਰਗ, ਸਰਬਤ ਦੇ ਭਲੇ ਦੇ ਸੰਕਲਪ 'ਤੇ ਸੱਚੇ ਮਨੋ ਪਹਿਰਾ ਦੇਈਏ। ਵਾਤਾਵਰਣ ਦੀ ਸਵੱਛਤਾ ਅਤੇ ਮਿੱਟੀ ਅਤੇ ਪਾਣੀ ਨੂੰ ਹੋਰ ਪਲੀਤ ਹੋਣ ਤੋਂ ਬਚਾਈਏ। ਕਿਸਾਨਾਂ ਦੇ ਆਰਥਿਕ ਨੁਕਸਾਨ ਦਾ ਭਰਮ ਦੋ ਕੁ ਸਾਲਾਂ ਵਿੱਚ ਹੀ ਦੂਰ ਹੋ ਜਾਵੇਗਾ । ਕੁਦਰਤੀ ਖੇਤੀ ਦਾ ਵੱਡੇ ਪੱਧਰ ਤੇ ਆਗਾਜ਼ ਗੁਰੂਆਂ ਦੀ ਧਰਤੀ ਪੰਜਾਬ ਤੋਂ ਹੀ ਹੋਣਾ ਚਾਹੀਦਾ ਹੈ। ਸ਼ੁਰੂ ਕਰਨ ਲਈ ਇਹ ਢੁਕਵਾਂ ਸਮਾਂ ਹੈ। ਸਬਰ ਸੰਤੋਖ ਅਤੇ ਮਿਹਨਤ ਮੁਸ਼ੱਕਤ ਕਰਦੇ ਹੋਏ ਜ਼ਿੰਦਗੀ ਬਸਰ ਕਰਨ ਦੀ ਗੁੜ੍ਹਤੀ ਪੰਜਾਬੀਆਂ ਨੂੰ ਵਿਰਸੇ ਵਿੱਚ ਮਿਲੀ ਹੈ। ਹੁਣ ਜਦੋਂ ਕਈ ਪਾਸੇ ਤੋਂ ਸਾਡੀ ਇਸ ਕਦੀਮੀਂ ਫਿਤਰਤ ਅਤੇ ਖਾਸੇ ਦਾ ਇਮਤਿਹਾਨ ਲਿਆ ਜਾ ਰਿਹਾ ਹੈ ਤਾਂ ਅਸੀਂ ਇਸ ਵਿੱਚੋਂ ਕਾਮਯਾਬ ਹੋ ਕੇ ਨਿਕਲਨਾ ਹੈ ਅਤੇ ਬਗੈਰ ਕਿਸੇ ਹੋਰ ਦਾ ਸਹਾਰਾ ਤੱਕਿਆਂ ਆਤਮਨਿਰਭਰ ਹੋਣਾ ਹੈ ਅਤੇ ਦੁਨੀਆਂ ਲਈ ਮਿਸਾਲ ਕਾਇਮ ਕਰਨੀ ਹੈ। ਪੰਜਾਬ ਜੇਕਰ ਪਿਛਲੇ ਦਹਾਕਿਆਂ ਵਿੱਚ ਹਰੀ ਕ੍ਰਾਂਤੀ ਰਾਹੀਂ ਦੇਸ਼ ਦੀ ਭੁੱਖਮਰੀ ਮਿਟਾ ਸਕਦਾ ਹੈ ਤਾਂ ਹੁਣ ਸ਼ੁੱਧ ਅਤੇ ਪੌਸ਼ਟਿਕ ਆਹਾਰ ਦਾ ਜਨਮ ਦਾਤਾ ਬਣ ਕੇ ਉਭਰ ਸਕਦਾ ਹੈ। ਹੁਣ ਜੇਕਰ ਲੋੜ ਸਮੇ ਯੂਰੀਆ ਆਦਿ ਕੈਮੀਕਲਾਂ ਦੀ ਮਿਲਣ ਦੀ ਘਾਟ ਦਰਪੇਸ਼ ਹੈ ਤਾਂ ਇਸ ਨੂੰ ਸਰਾਪ ਨਾ ਸਮਝ ਕੇ ਵਰਦਾਨ ਮੰਨਿਆ ਜਾਵੇ ਅਤੇ ਖੁਦ ਬਖੁਦ ਅੱਗੇ ਆ ਕੇ ਜ਼ਹਿਰੀਲੇ ਤੱਤਾਂ ਦੀ ਵਰਤੋਂ ਕਰਕੇ ਕੀਤੀ ਜਾ ਰਹੀ ਖੇਤੀ ਨੂੰ ਸਦਾ ਲਈ ਅਲਵਿਦਾ ਕਿਹਾ ਜਾਵੇ। ਸੰਪਨ ਲੋਕ ਆਪ ਮੁਹਾਰੇ ਹਾਲਾਤ ਸਾਜ਼ਗਾਰ ਕਰਨ ਦਾ ਰਾਹ ਪੱਧਰਾ ਕਰਨ। ਪ੍ਰਚਲਿਤ ਫਾਲਤੂ ਵਿਖਾਵੇ ਤੋਂ ਗੁਰੇਜ਼ ਕੀਤਾ ਜਾਵੇ। ਸੰਜਮ, ਸਬਰ ਸੰਤੋਖ ਮਨ ਵਸਾਇਆ ਜਾਵੇ। ਆਤਮ ਨਿਰਭਰਤਾ ਲਈ ਮਜ਼ਦੂਰੀ ਦਾ ਕੰਮ ਖੁਦ ਕਿਰਤ ਕਰਨ ਦੀ ਪ੍ਰਵਿਰਤੀ ਵਿੱਚ ਵਾਧਾ ਕੀਤਾ ਜਾਣਾ ਵੀ ਬਹੁਤ ਜ਼ਰੂਰੀ ਹੈ ।

ਖਾਸ ਤੌਰ ਪਰ ਪੰਜਾਬ ਦੇ ਕਿਸਾਨ ਵੀਰਾਂ ਨੂੰ ਸਨਿਮਰ ਗੁਜ਼ਾਰਿਸ਼ ਹੈ ਕਿ ਕਿਸਾਨੀ ਕਿੱਤੇ ਪ੍ਰਤੀ ਜਾਣੇ ਜਾਂਦੇ ਬੇਸ਼ਕੀਮਤੀ ਫੁਰਮਾਨ 'ਉਤੱਮ ਖੇਤੀ ਮੱਧਮ ਵਿਓਪਾਰ, ਨਖਿਧ ਚਾਕਰੀ' ਨੂੰ ਆਨ ਸ਼ਾਨ ਨਾਲ ਸਾਕਾਰ ਕਰੀਏ ।

* * * * *

.......ਸਫਾ 35 ਦੀ ਬਾਕੀ

ਬਲਾਚੌਰ, ਸ਼੍ਰੀਮਤੀ ਬਾਲੇਸ਼ ਸੈਣੀ ਸਹਾਰਨਪੁਰ, ਅਵਤਾਰ ਸਿੰਘ ਮਨੀਮਾਜਰਾ, ਨਿਰਮਲ ਸਿੰਘ ਲੋਧੀਮਾਜਰਾ, ਇੰਜ.ਹਰਦੇਵ ਸਿੰਘ ਥਲੀ, ਬਾਬਾ ਹਰਦੀਪ ਸਿੰਘ, ਢਾਡੀ ਸੁਖਦੇਵ ਸਿੰਘ ਬੇਲੀ, ਸਰਪੰਚ ਮਨਪ੍ਰੀਤ ਸਿੰਘ ਖੁਆਸਪੁਰਾ, ਲੰਬੜਦਾਰ ਇਕਬਾਲ ਸਿੰਘ ਮਲਕਪੁਰ, ਰਣਜੀਤ ਸੈਣੀ ਟੱਪਰੀਆਂ, ਕੈਪਟਨ ਸਤਨਾਮ ਸਿੰਘ ਨਵਾਂਸ਼ਹਿਰ, ਗੁਰਮੀਤ ਸਿੰਘ ਸੈਣੀ ਖਰੜ, ਮੋਹਨ ਸਿੰਘ ਸ਼ਾਮਪੁਰਾ, ਮਾਸਟਰ ਗੁਰਚਰਨ ਸਿੰਘ ਲੋਧੀਮਾਜਰਾ, ਗੁਰਮੁੱਖ ਸਿੰਘ ਲਖਨਊ, ਪੱਤਰਕਾਰ ਜਗਦੀਸ਼ ਸੈਣੀ ਆਦਿ ਹਾਜਰ ਸਨ।

**ਸੈਣੀ ਯੂਥ ਫੈਡਰੇਸ਼ਨ** ਰੂਪਨਗਰ ਵਲੋਂ ਸਮਾਜ ਸੇਵੀਆਂ ਦਾ ਸਨਮਾਨ ਕੀਤਾ ਜਾਂਦਾ ਹੈ। ਜ਼ਿਲਾ ਪ੍ਰਧਾਨ ਪਰਮਿੰਦਰ ਸ਼ਾਮਪੁਰੀ ਅਤੇ ਹਲਕਾ ਇੰਚਾਰਜ ਬਲਵਿੰਦਰ ਸੈਣੀ ਨੇ ਦੱਸਿਆ ਨੇ ਕਿਹਾ ਕਿ ਇਸ ਲੜੀ ਤਹਿਤ ਇਸ ਸਾਲ ਹਲਕਾ ਸੁਧਾਰ ਕਮੇਟੀ ਦੇ ਕਨਵੀਨਰ ਨਿਰਮਲ ਸਿੰਘ ਲੋਧੀਮਾਜਰਾ, ਐਨ.ਆਰ.ਆਈ ਇੰਨਕਲਾਬੀ ਮੰਚ ਦੇ ਕੌਮੀ ਮੀਡੀਆ ਸਕੱਤਰ ਰਣਜੀਤ ਸਿੰਘ ਪਤਿਆਲਾਂ, ਆਲ ਇੰਡੀਆ ਕਿਸਾਨ ਫੈਡਰੇਸ਼ਨ ਦੇ ਪੰਜਾਬ ਸਕੱਤਰ ਹਰਦੇਵ ਸਿੰਘ ਖੇੜੀ, ਪੰਜਾਬ ਸਟੇਟ ਕਰਮਚਾਰੀ ਦਲ ਦੇ ਪ੍ਰਧਾਨ ਗਿਆਨ ਸਿੰਘ ਘਨੌਲੀ, ਜਸਵੰਤ ਸਿੰਘ ਮੋੜ ਭੱਕੂਮਾਜਰਾ, ਜੰਗ ਸਿੰਘ ਹਵੇਲੀ ਖੁਰਦ ਦਾ ਸਨਮਾਨ ਕੀਤਾ ਗਿਆ। ਇਸ ਮੌਕੇ ਕਰਮਜੀਤ ਸਿੰਘ ਬਣਵੈਤ, ਭੁਪਿੰਦਰ ਸਿੰਘ, ਸਾਬਕਾ ਸਰਪੰਚ ਸੁਰਿੰਦਰ ਸਿੰਘ, ਸੁਰਜੀਤ ਸਿੰਘ, ਅਮਰਜੀਤ ਸਿੰਘ ਗੜ੍ਹਬਾਗਾ,ਗੁਰਮੁੱਖ ਸਿੰਘ ਭਾਓਵਾਲ, ਗੁਰਮੁੱਖ ਸਿੰਘ ਭੈਰੋਮਾਜਰਾ, ਅਮਰਜੀਤ ਸਿੰਘ ਸਾਬਕਾ ਸਰਪੰਚ ਫੂਲ ਮੌਜੂਦ ਸਨ।

# ਸੈਣੀ ਭਵਨ ਦੀਆਂ ਸਰਗਰਮੀਆਂ - ਤਸਵੀਰਾਂ ਦੀ ਜ਼ੁਬਾਨੀ



ਸ. ਕਰਨੈਲ ਸਿੰਘ ਤੰਬੜ ਸਾਬਕਾ ਐੱਮ.ਸੀ. ਰੂਪਨਗਰ, ਤਿਮਾਹੀ ਮੈਗਜ਼ੀਨ "ਸੈਣੀ ਸੰਸਾਰ" ਦਾ 38ਵਾਂ ਅੰਕ ਰਿਲੀਜ਼ ਕਰਦੇ ਹੋਏ।






ਸਾਲਾਨਾ ਸਿੱਖਿਆ ਸਮਾਗਮ, 2020 ਸਮੇਂ ਇੰਜ. ਭਗਵਾਨ ਸਿੰਘ ਪੰਚਕੂਲਾ ਅਤੇ ਸ਼੍ਰੀ ਤਰਸੇਮ ਸੈਣੀ ਪਟਿਆਲਾ ਵਿਦਿਆਰਥੀਆਂ ਨੂੰ ਵਜ਼ੀਫੇ ਵੰਡਦੇ ਹੋਏ ਅਤੇ ਸਰੋਤੇ।



ਸੈਣੀ ਭਵਨ ਦੇ ਪ੍ਰਬੰਧਕ, ਬਰਾਦਰੀ ਦੀਆਂ ਮਿਹਨਤੀ ਧੀਆਂ-ਸ਼੍ਰੀਮਤੀ ਅਮਨਪ੍ਰੀਤ ਕੌਰ ਅਧਿਆਪਕਾ ਪਿੰਡ ਗਰਦਲੇ ਅਤੇ ਇੰਜ: ਨਵਨੀਤ ਕੌਰ ਪਿੰਡ ਮੁਜ਼ਾਫ਼ਤ ਦਾ ਸਨਮਾਨ ਕਰਦੇ ਹੋਏ।

Estb. 1971

# ਸੈਣੀ ਸੰਸਾਰ
# Saini Sansar